# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 2 | ਸਾਲ ਸੱਤਵਾਂ | ਫਰਵਰੀ, 1995



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ

ਅੰਕ 2 ਸਾਲ ਸੱਤਵਾਂ ਫਰਵਰੀ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 772660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ

1] ਗੁਰਬਾਣੀ ਸੰਗੀਤ-ਲਕਸ਼ਣ ਅਤੇ ਲਕਸ਼ 1
—ਡਾ: ਨਿਵੇਦਿਤਾ ਸਿੰਘ
2] ਸ਼ਬਦ ਸੁਰ ਲਿਪੀ ਰਾਗ ਆਸਾ 1
3] ਸਰਗਮ : ਸੁਰਾਂ 'ਤੇ ਅਧਾਰਿਤ ਨਾਵਲ 12
—ਡਾ: ਈਸ਼ਰ ਸਿੰਘ ਤਾਂਘ
4] ਮੁਹਿੰਦਰਜੀਤ-ਇਕ ਸੁਹਿਰਦ ਸੰਗੀਤਕਾਰ 14
5] ਇਕ ਨਿਵੇਕਲੀ ਕੈੱਸਟ
'ਕਲਿ ਤਾਰਨ ਨਾਨਕ ਅਵਤਾਰਾ'
6] ਪੁਸਤਕ ਰੀਵਿਊ 20
7] ਤੁਹਾਡੇ ਪੱਤਰ 22

ਡਾ: ਜਾਗੀਰ ਸਿੰਘ ਦਾ ਨਵਾਂ ਟੈਲੀਫੋਨ ਨੰਬਰ 772660 ਹੈ। ਨੋਟ ਕਰਨ ਦੀ ਕਿਰਪਾ ਕਰਨਾ।

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

# ਗੁਰਬਾਣੀ ਸੰਗੀਤ-ਲਕਸ਼ਣ ਅਤੇ ਲਕਸ਼

—ਡਾ. ਨਿਵੇਦਿਤਾ ਸਿੰਘ

1469 ਈਸਵੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ ਇਕ ਨਵੇਂ ਜਗ ਦਾ ਆਰੰਭ ਹੋਇਆ। ਗੁਰੂ ਸਾਹਿਬ ਗੁਰਮਤਿ ਸੰਗੀਤ ਅਤੇ ਗੁਰਬਾਣੀ ਸੰਗੀਤ ਦੇ ਸੰਸਥਾਪਕ ਬਨ। ਗੁਰਮਤਿ ਸੰਗੀਤ ਤੋਂ ਭਾਵ ਹੈ-ਗੁਰੂ ਦੁਆਰਾ ਚਲਾਈ ਗਈ ਸੰਗੀਤ ਦੀ ਪਰੰਪਰਾ। ਇਸ ਪਰਣਾਲੀ ਦਾ ਮੂਲ ਆਧਾਰ ਭਾਰਤੀ ਸੰਗੀਤ ਹੈ ਪਰ ਇਕ ਅਲੌਕਿਕ ਆਤਮਾ ਅਤੇ ਮਹਾਂਪੁਰਖ ਦੁਆਰਾ ਰਚੇ ਗਏ ਇਸ ਸੰਗੀਤ ਦੀਆਂ ਕੁਝ ਮੌਲਿਕ ਅਤੇ ਵਿੱਲ-ਖਣ ਵਿਸ਼ੇਸ਼ਤਾਈਆਂ ਕਾਰਨ ਇਸ ਨੇ ਕੇਵਲ ਭਾਰਤੀ ਸੰਗੀਤ ਵਿਚ ਹੀ ਨਹੀਂ, ਸਗੋਂ ਵਿਸ਼ਵ ਸੰਗੀਤ ਵਿਚ ਵੀ ਉਤਮ ਸਥਾਨ ਪ੍ਰਾਪਤ ਕੀਤਾ ਹੈ।

ਭਾਰਤੀ ਧਰਮ ਪਰੰਪਰਾ ਵਿਚ ਕਾਵਿ ਅਤੇ ਸੰਗੀਤ ਦਾ ਸੁਮੇਲ ਵੇਦਾਂ ਦੇ ਸਮੇਂ ਤੋਂ ਹੀ ਚੱਲਦਾ ਆ ਰਿਹਾ ਹੈ। ਸਾਮਵੇਦ ਦੀਆਂ ਰਿਚਾਵਾਂ ਦਾ ਗਾਇਨ ਉਦਾਤ, ਅਨਦਾਤ, ਅਤੇ ਸਵਰਿਤ-ਇਨ੍ਹਾਂ ਤਿੰਨ ਸੁਰਾਂ ਨੂੰ ਆਧਾਰ ਬਣਾ ਕੇ ਕੀਤਾ ਜਾਂਦਾ ਸੀ। ਜਦੋਂ 15ਵੀਂ ਸਦੀ ਵਿੱਚ ਗੁਰਮਤਿ ਦੇ ਮੋਢੀ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ ਉਦੋਂ ਭਗਤੀ ਲਹਿਰ ਆਪਣੇ ਜਲੌ ਤੇ ਸੀ। ਸੰਗੀਤ ਨੂੰ ਸਾਹਿਤ ਨਾਲ ਜੋੜਨ ਦੀ ਪਰੰਪਰਾ ਆਪਣੇ ਸਿਖਰ ਤੇ ਪਹੁੰਚੀ ਹੋਈ ਸੀ। ਬਾਣੀ ਦੇ ਰਚਨਹਾਰ ਗੁਰੂ ਸਾਹਿਬ ਨੇ ਸ਼ਬਦ ਦੇ ਨਾਲ ਸੰਗੀਤ ਨੂੰ ਵੀ ਸੰਬੰਧਿਤ ਕੀਤਾ। ਇਸ ਪ੍ਰਕਾਰ ਉਨ੍ਹਾਂ ਦਾ ਅਧਿਆਤਮਕ ਅਨੁਭਵ ਅਤੇ ਗੁਰ ਉਪਦੇਸ਼ ਸਧਾਰਨ ਮਨੁੱਖ ਤੱਕ ਪਹੁੰਚਣ ਦੇ ਸਮਰੱਥ ਹੋਇਆ।

ਗੁਰੂ ਸਾਹਿਬ ਨੇ ਪ੍ਰਭੂ ਦੀ ਹੋਂਦ ਨੂੰ ਪ੍ਰਗਟਾਉਣ ਲਈ ਅਤੇ ਉਸਦੀ ਉਪਾਸਨਾ ਲਈ, ਨਾਦ ਜਿਹਾ ਸਰਬ-ਵਿਆਪਕ ਤੇ ਪ੍ਰਾਕਿਰਤਕ ਮਾਧਿਅਮ ਚੁਣਿਆ। ਨਾਦ ਸ੍ਰਿਸ਼ਟੀ ਦੇ ਕਣ-ਕਣ ਵਿੱਚ ਰਚਿਆ ਹੋਇਆ ਹੈ, ਸਮੁਚਾ ਜਗਤ ਨਾਦਾਤਮਕ ਹੈ। ਪਰਮਾਤਮਾ ਦੇ ਇੱਕ ਰੂਪ ਨੂੰ ਨਾਦ-ਬ੍ਰਹਮ ਆਖਿਆ ਗਿਆ ਹੈ ਅਤੇ ਨਾਦ ਰਾਹੀਂ ਉਸਦੀ ਆਰਾਧਨਾ ਕਰਨ ਵਾਲਾ ਨਾਦ-ਯੋਗੀ ਹੈ। ਨਾਦ ਤੋਂ ਵਰਣ, ਵਰਣ ਤੋਂ ਸ਼ਬਦ ਅਤੇ ਸ਼ਬਦ ਤੋਂ ਭਾਸ਼ਾ ਦੀ ਉਤਪਤੀ ਹੁੰਦੀ ਹੈ। ਨਾਦ ਜਾਂ ਸੁਰ ਭਾਸ਼ਾ ਦੇ ਸਾਧਾਰਨ ਅੱਖਰਾਂ ਨਾਲ ਸਬੰਧਿਤ ਹੋ ਕੇ ਉਸਨੂੰ ਡੂੰਘੇ-ਅਰਥ ਪਰਦਾਨ ਕਰਨ ਦੀ ਸਮਰੱਥਾ ਰੱਖਦੇ ਹਨ ਇਸ ਲਈ, ਗੁਰਬਾਣੀ ਨੂੰ ਜਦੋਂ ਸੰਗੀਤ ਰਾਹੀਂ ਪ੍ਰਸਤੁਤ ਕੀਤਾ ਜਾਵੇ ਤਾਂ ਉਸਦਾ ਪ੍ਰਭਾਵ-ਅਲੌਕਿਕ ਅਤੇ ਰੂਹਾਨੀ ਹੋਣਾ ਲਾਜ਼ਮੀ ਹੈ। ਸ਼ਬਦ ਕੇਵਲ ਉਸੇ ਸਰੋਤੇ ਤੱਕ ਪਹੁੰਚ ਰੱਖਦਾ ਹੈ ਜਿਸ ਨੂੰ ਉਸ ਭਾਸ਼ਾ ਦੀ ਜਾਣਕਾਰੀ ਹੋਵੇ। ਪਰ, ਸੰਗੀਤ ਦੀ ਭਾਸ਼ਾ ਸਮਸਤ ਬ੍ਰਹਿਮੰਡ ਵਿਚ ਇੱਕੋ ਹੈ ਉਸਦੇ ਅਰਥਾਂ ਦਾ ਉਤਾਰਾ ਸਹਿਜੇ ਹੀ ਹੋ ਜਾਂਦਾ ਹੈ। ਗੁਰਮਤਿ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰ ਸਤਸੰਗੀ ਦੇ ਹਿਰਦੇ ਵਿੱਚ ਸ਼ਬਦ ਵਸਾਉਣ ਅਤੇ ਉਸਦੇ ਅਰਥਾਂ ਨੂੰ ਪਰਕਾਸ਼ਮਾਨ ਕਰਨ ਲਈ ਸੰਗੀਤ ਦੀ ਇੱਕ ਵਿਸ਼ੇਸ਼ ਪਰੰਪਰਾ ਦਾ ਨਿਰਮਾਣ ਕੀਤਾ।

ਸ਼ਬਦ ਅਤੇ ਸੰਗੀਤ ਦੇ ਸੁਮੇਲ ਦੀ ਇਸ ਪਰੰਪਰਾ ਨੂੰ 'ਸ਼ਬਦ-ਕੀਰਤਨ' ਦਾ ਨਾਮ ਦਿੱਤਾ ਗਿਆ ਹੈ।

ਗੁਰੂ ਗਰੰਥ ਸਾਹਿਬ ਵਿਚਲੇ ਕਈ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਬਾਣੀ ਕੇਵਲ ਪਾਠ ਲਈ ਨਹੀਂ ਸਗੋਂ ਕੀਰਤਨ ਲਈ ਰਚੀ ਗਈ ਹੈ। ਅਨੇਕ ਥਾਵਾਂ ਤੇ ਬਾਣੀ ਨੂੰ ਗਾਉਣ ਦਾ ਸਪਸ਼ਟ ਸੰਕੇਤ ਹੈ।

ਗੁਰੂ ਬਾਣੀ ਗਾਵਹੁ ਭਾਈ। ਓਹ ਸਫਲ ਸਦਾ ਸੁਖਦਾਈ।

(ਸੋਰਠਿ ਮਹਲਾ 5, ਆ. ਗ੍ਰੰ. ਪੰਨਾ 629)

ਗੁਰੂ ਗਰੰਥ ਸਾਹਿਬ ਵਿੱਚ ਰਾਗ ਨੂੰ ਵੀ ਬਹੁਤ ਮਹੱਤਤਾ ਦਿੱਤੀ ਗਈ ਹੈ। ਰਾਗ ਬਾਰੇ ਗੁਰੂ ਸਾਹਿਬਾਨ ਦਾ ਫੁਰਮਾਨ ਹੈ:

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ।

(ਆ. ਗ੍ਰੰ. ਪੰਨਾ 1423)

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ।

(ਰਾਮਕਲੀ ਦੀ ਵਾਰ ਸਲੋਕ ਮਹਲਾ 4, ਪੰਨਾ 958)

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੰਗੀਤਕ ਵਿਸ਼ੇਸ਼ਤਾਵਾਂ ਸੰਖੇਪ ਵਿਚ ਇਸ ਪ੍ਰਕਾਰ ਹਨ:-

1. ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਅਤੇ ਸੰਪਾਦਨਾ ਦਾ ਰਾਗਾਤਮਕ ਅਧਾਰ ਇਸ ਨੂੰ ਵਿਸ਼ਵ ਦੇ ਸਾਰੇ ਧਾਰਮਿਕ ਗਰੰਥਾਂ ਵਿਚੋਂ ਸਰਬੋਤਮ ਸਥਾਨ ਪਰਦਾਨ ਕਰਦਾ ਹੈ। ਕ੍ਰਮਵਾਰ ਇਕ-ਇਕ ਰਾਗ ਲੈ ਕੇ, ਉਨ੍ਹਾਂ ਦੇ ਅੰਤਰਗਤ ਜਿੰਨੇ ਸ਼ਬਦ ਆਏ ਹਨ ਉਨ੍ਹਾਂ ਨੂੰ ਸ਼ਬਦ ਦੀਆਂ ਪੰਕਤੀਆਂ ਦੇ ਅੰਤ ਵਿਚ ਤਰਤੀਬਵਾਰ ਅੰਕ ਪਾ ਕੇ ਦਰਸਾਇਆ ਗਿਆ ਹੈ।

2. ਬਾਣੀ ਦੇ ਰਚਨਹਾਰ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਇਕ ਵਿਸ਼ੇਸ਼ ਸੰਚਾਰ ਅਤੇ ਪਰਸਾਰ ਮਾਧਿਅਮ ਵਜੋਂ ਅਪਣਾਇਆ ਅਤੇ ਇਸੇ ਅਧਾਰ ਤੇ ਗੁਰੂ ਗਰੰਥ ਸਾਹਿਬ ਦਾ ਸੰਗੀਤ ਵਿਧਾਨ ਨਿਸਚਿਤ ਕੀਤਾ। ਪ੍ਰਾਚੀਨ ਕਾਲ ਦੇ ਭਾਰਤੀ ਸੰਗੀਤ ਵਿਚ ਦੋ ਪਰਕਾਰ ਦਾ ਸੰਗੀਤ ਪਰਚਲਿਤ ਸੀ-ਮਾਰਗੀ ਅਤੇ ਦੇਸੀ। ਮਾਰਗੀ ਉਹ ਸੰਗੀਤ ਸੀ ਜਿਸਦਾ ਪਰਯੋਗ ਧਾਰਮਿਕ ਸਮਾਰੋਹਾਂ ਤੇ ਧਾਰਮਿਕ ਵਿਧੀ-ਵਿਧਾਨ ਦੇ ਅੰਤਰਗਤ ਕੀਤਾ ਜਾਂਦਾ ਸੀ ਅਤੇ ਦੇਸੀ ਉਹ ਸੀ ਜਿਸਦਾ ਪਰਯੋਗ ਲੌਕਿਕ ਸਮਾਗਮਾਂ ਤੇ ਕੀਤਾ ਜਾਂਦਾ ਸੀ, ਜਿਸਦਾ ਮੂਲ ਉਦੇਸ਼ ਕੇਵਲ ਜਨ-ਸਧਾਰਨ ਦਾ ਮਨੋਰੰਜਨ ਕਰਨਾ ਸੀ ਅਤੇ ਜੋ ਵਿਭਿੰਨ ਦੇਸ਼ਾਂ ਵਿਚ ਉਥੋਂ ਦੇ ਵਾਸੀਆਂ ਦੀਆਂ ਰੁਚੀਆਂ ਤੇ ਸਭਿਆਚਾਰ ਦੇ ਅਧਾਰ ਤੇ ਬਦਲ ਜਾਂਦਾ ਸੀ। ਖੋਜ ਕਰਕੇ ਵੇਖਿਆ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਉਦੇਸ਼ ਮਾਰਗੀ ਸੰਗੀਤ ਵਾਲਾ ਹੈ ਅਤੇ ਉਪਕਰਨ ਦੇਸੀ ਸੰਗੀਤ ਵਾਲੇ ਵਰਤੇ ਜਾਂਦੇ ਹਨ।

ਬਾਣੀ ਦੇ ਪਰਸਾਰ ਦੇ ਦਾਇਰੇ ਨੂੰ ਵਧਾਉਣ ਹਿਤ ਅਤੇ ਇਸਦੀ ਪਹੁੰਚ ਜਨ-ਸਧਾਰਨ ਵਿਚ ਡੂੰਘੀ ਕਰਨ ਹਿਤ-ਵਿਭਿੰਨ ਇਲਾਕਾਈ ਲੋਕ-ਧੁਨਾਂ ਵਿਚੋਂ ਵਿਕਸਿਤ ਰਾਗਾਂ ਨੂੰ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਕੀਤਾ ਗਿਆ ਹੈ। ਜਿਵੇਂ ਮਾਝ, ਆਸਾ, ਬਿਹਾਗੜਾ, ਤਿਲੰਗ, ਸੋਰਠ, ਸੂਹੀ, ਮਾਰੂ, ਤੁਖਾਰੀ, ਵਡਹੰਸ ਆਦਿ। ਇਸ ਤੋਂ ਇਲਾਵਾ ਅਨੇਕਾਂ ਵਾਰਾਂ ਨੂੰ ਉਸ ਸਮੇਂ ਪਰਚਲਿਤ ਵਿਭਿੰਨ ਧੁਨਾਂ ਦੀ ਤਰਜ ਤੇ ਗਾਉਣ ਦਾ ਅਦੇਸ਼ ਹੈ।

—ਗਾਉੜੀ ਕੀ ਵਾਰ ਮਹਲਾ 5 ਰਾਇ ਕਮਾਲਦੀ-ਮੌਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

(ਆ. ਗ੍ਰੰ. ਪੰਨਾ 318)

—ਵਡਹੰਸ ਕੀ ਵਾਰ ਮਹਲਾ 4 ਲਲਾ ਬਹਲੀਮਾ ਕੀ ਧੁਨਿ ਗਾਵਣੀ।

(ਆ. ਗ੍ਰੰ. ਪੰਨਾ 585)

ਗਾਇਨ ਸ਼ੈਲੀਆਂ ਵਿਚ ਜਿੱਥੇ 'ਪੜਤਾਲ' ਵਰਗੀ ਤਕਨੀਕ-ਮੁਖੀ ਅਤੇ ਜਟਿਲ ਸ਼ੈਲੀ ਦੀ ਵਰਤੋਂ ਹੈ, ਉਥੇ ਵਾਰ, ਛੰਦ, ਸਦ, ਅਲਾਹੁਣੀਆਂ, ਘੋੜੀਆਂ ਦੀ ਵਰਤੋਂ ਵੀ ਕੀਤੀ ਗਈ ਹੈ।

ਗੁਰੂ ਨਾਨਕ ਦੇਵ ਜੀ ਨੇ ਕੁਝ ਦੱਖਣੀ-ਰਾਗਾਂ ਦਾ ਵੀ ਪ੍ਰਯੋਗ ਕੀਤਾ ਹੈ। ਜਿਵੇਂ ਗਉੜੀ, ਵਡਹੰਸ, ਬਿਲਾਵਲ, ਰਾਮਕਲੀ, ਮਾਰੂ ਅਤੇ ਪਰਭਾਤੀ-ਦੱਖਣੀ। ਗੁਰੂ ਜੀ ਨੇ ਉਦਾਸੀਆਂ ਦੌਰਾਨ ਦੇਸ਼-ਦੇਸ਼ਾਂਤਰਾਂ ਦਾ ਦੌਰਾ ਕਰਦਿਆਂ ਜ਼ਰੂਰ ਵੱਖ-ਵੱਖ ਇਲਾਕਿਆਂ ਵਿਚ ਪਰਚਲਿਤ ਵਿਸ਼ੇਸ਼ ਰਾਗਾਂ ਅਤੇ ਧੁਨਾਂ ਨੂੰ ਇਕੱਤ੍ਰਿਤ ਕੀਤਾ ਹੋਵੇਗਾ ਅਤੇ ਫਿਰ ਉਨ੍ਹਾਂ ਵਿਚ ਬਾਣੀ ਦੀ ਰਚਨਾ ਕੀਤੀ ਹੋਵੇਗੀ।

ਸ਼ਾਸਤਰੀ-ਕਾਵਿ-ਰੂਪਾਂ ਲਈ ਸ਼ੁਧ ਰੂਪ ਵਿਚ ਮਾਰਗੀ ਜਾਂ ਸਥਾਪਿਤ ਰਾਗਾਂ ਦਾ ਪਰਯੋਗ ਅਤੇ ਲੋਕ-ਕਾਵਿ-ਰੂਪਾਂ ਲਈ ਸੰਬੰਧਿਤ ਲੋਕ-ਧੁਨਾਂ ਅਤੇ ਦੇਸੀ ਰਾਗਾਂ ਦਾ ਪਰਯੋਗ ਕੀਤਾ ਗਿਆ ਹੈ।

ਇਸ ਪਰਕਾਰ ਮਾਰਗੀ ਅਤੇ ਦੇਸੀ, ਅਲੌਕਿਕ ਅਤੇ ਲੌਕਿਕ ਦਾ ਇਹ ਸੁਮੇਲ ਇਸ ਗੱਲ ਦਾ ਪਰਤੀਕ ਹੈ ਕਿ ਮਨੁੱਖ ਦੁਨਿਆਵੀ ਪੱਧਰ ਉਤੇ ਵਿਚਰਦਿਆਂ, ਸੰਸਾਰਕ ਵਸਤਾਂ ਨੂੰ ਭੋਗਦਿਆਂ ਹੀ ਉਸ ਪਰਮਾਤਮਾ ਤੱਕ ਪਹੁੰਚ ਸਕਦਾ ਹੈ।

3. ਮੱਧ ਕਾਲੀ ਰਾਗ-ਰਾਗਣੀ ਵਰਗੀਕਰਣ ਪੱਧਤੀ ਨੂੰ ਤਿਆਗ ਕੇ, ਉਸ ਅੱਵਿਗਿਆਨਕ ਵਿਧੀ ਨੂੰ ਨਕਾਰਦਿਆਂ ਹੋਇਆਂ ਸਮਸਤ ਰਾਗਾਂ ਨੂੰ ਸਪਸ਼ਟ ਰੂਪ ਵਿਚ ਰਾਗ ਸਿਰਲੇਖ ਹੀ ਪਰਦਾਨ ਕੀਤਾ ਹੈ।

4. ਗੁਰਬਾਣੀ ਵਿਚ ਰਾਗਾਂ ਦੀ ਚੋਣ ਵਿਸ਼ੇਸ਼ ਸ਼ਬਦਾਂ ਵਿਚਾਲੇ ਸਮੇਂ ਅਤੇ ਰੁੱਤ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ। ਜੇਕਰ ਕਿਸੇ ਸ਼ਬਦ ਵਿਚ ਅੰਮ੍ਰਿਤ ਵੇਲੇ ਦਾ ਵਰਨਣ ਹੈ ਤਾਂ ਉਸਨੂੰ ਉਸ ਸਮੇਂ ਦੇ ਰਾਗ ਵਿਚ ਹੀ ਉਚਾਰਿਆ ਗਿਆ ਹੈ ਜਿਵੇਂ 'ਆਸਾ'

ਰਾਗ ਨੂੰ ਗਾਉਣ ਦਾ ਸਮਾਂ ਰਾਤ ਦਾ ਅੰਤਮ ਪਹਿਰ ਹੈ। ਗੁਰੂ ਅਰਜਨ ਦੇਵ ਜੀ ਇਸ ਵਿਚ ਉਸ ਵੇਲੇ ਦਾ ਦ੍ਰਿਸ਼ ਇਸ ਤਰ੍ਹਾਂ ਵਰਨਣ ਕਰਦੇ ਹਨ:-

ਭਿੰਨੀ ਰੈਨੜੀਏ ਚਾਮਕਨਿ ਤਾਰੇ। ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।

(ਰਾਗ ਆਸਾ, ਛੰਤ, ਮਹਲਾ 5 ਪੰਨਾ 459)

'ਬਿਹਾਗੜਾ' ਦੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਵਿੱਚ ਗੁਰੂ ਅਰਜਨ-ਦੇਵ ਜੀ ਦੀ ਰਚਨਾ ਹੈ।-

ਵਧੁ ਸੁਖੁ-ਰੈਨੜੀਏ ਪ੍ਰਿਅ ਪ੍ਰੇਮੁ ਲਗਾ।
ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ।

(ਰਾਗ ਬਿਹਾਗੜਾ, ਛੰਤ, ਮਹਲਾ 5, ਪੰਨਾ 544)

ਇਸੇ ਤਰ੍ਹਾਂ ਬਸੰਤ ਰੁੱਤ ਨਾਲ ਸੰਬੰਧਿਤ ਸ਼ਬਦਾਂ ਨੂੰ ਰਾਗ ਬਸੰਤ ਵਿਚ ਅਤੇ ਵਰਖਾ ਰੁੱਤ ਨਾਲ ਸਬੰਧਿਤ ਨੂੰ ਮਲਾਰ ਵਿੱਚ ਅੰਕਿਤ ਕੀਤਾ ਗਿਆ ਹੈ।

5. ਅਨੇਕ ਰਾਗਾਂ ਤੇ ਕਲਪਨਾ ਚਿਤਰਾਂ ਦਾ ਵਿਵਰਨ ਉਸ 'ਰਾਗ ਵਿਸ਼ੇਸ਼ ਦੀ ਵਾਰ' ਦੇ ਸਿਰਲੇਖ ਹੇਠਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਹੁੰਦਾ ਹੈ। ਜਿੱਥੇ ਸੰਗੀਤ ਸਾਸ਼ਤਰ ਨਾਲ ਸਬੰਧਿਤ-ਹਰ ਉਪਲਬਧ ਸੰਸਕ੍ਰਿਤ ਗ੍ਰੰਥ ਵਿੱਚ ਨਿਰੋਲ ਸ਼ਿੰਗਾਰਿਕ ਪੱਧਰ ਤੇ ਹੀ ਇਨ੍ਹਾਂ ਧਿਆਨ ਚਿਤਰਾਂ ਨੂੰ ਉਲੀਕਿਆ ਗਿਆ ਹੈ, ਉੱਥੇ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਕਲਪਨਾ-ਚਿਤਰਾਂ ਨੂੰ ਅਧਿਆਤਮਕ ਪੱਧਰ ਤੇ ਚਿਤਵਕੇ ਉਲੀਕਿਆ ਗਿਆ ਹੈ:

ਰਾਗਾਂ ਵਿਚਿ ਸਿਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥

(ਸਿਰੀ ਰਾਗ ਕੀ ਵਾਰ ਮਹਲਾ 4 ਸਲੋਕਾਂ ਨਾਲਿ॥ ਸਲੋਕ ਮਹਲਾ 3)

ਬਿਲਾਵਲੁ ਕਰਿਹੁ ਤੁਮ ਪਿਆਰਿਹੋ ਏਕਸੁ ਸਿਉ ਲਿਵ ਲਾਇ॥
ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ॥
ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ॥

(ਬਿਲਾਵਲ ਕੀ ਵਾਰ, ਮਹਲਾ 3)

6. ਗੁਰਬਾਣੀ ਵਿੱਚ ਜਿੱਥੇ ਸ਼ੁਧ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ, ਉੱਥੇ ਅਨੇਕ ਉਪ-ਰਾਗਾਂ ਅਤੇ ਮਿਸ਼ਰਤ ਰਾਗਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇਨ੍ਹਾਂ ਰਾਗਾਂ ਨੂੰ ਇਕ ਵਿਸ਼ੇਸ਼ ਯੋਜਨਾ-ਬੱਧ ਤਰਤੀਬ ਨਾਲ ਇਨ੍ਹਾਂ ਦੇ 'ਆਸ਼ਰਯ ਰਾਗਾਂ' ਦੇ ਅਧੀਨ ਅੰਕਿਤ ਕੀਤਾ ਗਿਆ ਹੈ, ਅਤੇ ਇਨ੍ਹਾਂ ਉਪ ਰਾਗਾਂ ਦੀ ਸੁਤੰਤਰਤਾ, ਭਿੰਨਤਾ ਜਾਂ ਵਖਰੀ ਹੋਂਦ ਨੂੰ ਸਪਸ਼ਟ ਕਰਨ ਲਈ ਇਨ੍ਹਾਂ ਦੇ ਨਾਮ ਦਾ ਸਿਰਲੇਖ ਦੇ ਰੂਪ ਵਿਚ ਜਾਂ ਬਾਣੀ ਦੇ ਅਰੰਭ ਵਿਚ ਵਿਸ਼ੇਸ਼ ਤੌਰ ਤੇ ਸੰਕੇਤ ਕੀਤਾ ਗਿਆ। ਉਦਾਹਰਣ ਵਜੋਂ 'ਗਉੜੀ' ਨੂੰ ਪਰਮੁੱਖ ਰਾਗ ਸਵੀਕਾਰਦਿਆਂ ਹੋਇਆਂ ਉਸਦੇ ਉਪ-ਰਾਗ, ਰਾਗਾਂਗ-ਰਾਗ ਜਾਂ ਪੱਤਰਕਾਰਾਂ ਨੂੰ ਇਸਦੇ

ਅਧੀਨ ਅੰਕਿਤ ਕੀਤਾ ਗਿਆ ਹੈ, ਪਰ ਉਨ੍ਹਾਂ ਨੂੰ ਸੁਤੰਤਰ ਨਾਮ ਪਰਦਾਨ ਕੀਤਾ ਗਿਆ ਹੈ। ਜਿਵੇਂ-ਗਉੜੀ ਬੈਰਾਗਣਿ, ਗਉੜੀ ਚੇਤੀ ਆਦਿ। ਆਸਾ ਰਾਗ ਦੇ ਪਰਵਾਹ ਵਿੱਚ ਦੂਸਰਾ ਪਰਕਾਰ ਅਰੰਭ ਹੋਇਆ ਹੈ ਤਾਂ ਉੱਥੇ ਸੁਤੰਤਰ ਰੂਪ ਵਿਚ 'ਆਸਾਵਰੀ ਮਹਲਾ 4' ਵਿਸ਼ੇਸ਼ ਰੂਪ ਵਿਚ ਅੰਕਿਤ ਕੀਤਾ ਗਿਆ ਹੈ।

ਸ਼ਬਦਾਂ ਦੇ ਅੰਤ ਵਿਚ ਦਿਤੇ ਅੰਕਾਂ ਨਾਲ ਇਹ ਤਰਤੀਬ ਹੋਰ ਸਪਸ਼ਟ ਰੂਪ ਵਿਚ ਉਭਰਕੇ ਸਾਹਮਣੇ ਆਉਂਦੀ ਹੈ। ਪੰਨਾ 157 ਤੇ 'ਗਉੜੀ-ਪੂਰਬੀ ਦੀਪਕੀ' ਦਾ ਸ਼ਬਦ ਹੈ- "ਜੈ ਘਰ ਘਰ ਕੀਰਤਿ ਆਖੀਐ" ਅਤੇ ਇਸ ਦੀ ਸਮਾਪਤੀ ਤੇ ਅੰਕ-ਸੰਖਿਆ '4,-1, 20' ਹੈ। ਇਥੇ ਚਾਰ-ਅੰਕ ਦਾ ਭਾਵ ਹੈ-ਸ਼ਬਦ ਦੇ ਚਾਰ ਬੰਦ ਹਨ, ਇਕ ਦਾ ਭਾਵ ਹੈ ਕਿ ਪਰਮੁੱਖ ਗਉੜੀ ਰਾਗ ਵਿਚ ਗੁਰੂ ਨਾਨਕ ਬਾਣੀ ਦੀ ਸੰਖਿਆ ਦਾ ਕੁੱਲ ਜੋੜ।

ਉਪਰੋਕਤ ਹਵਾਲੇ ਇਸ ਗੱਲ ਨੂੰ ਸਪਸ਼ਟ ਕਰਦੇ ਹਨ ਕਿ ਉਪ-ਰਾਗ ਜਾਂ ਰਾਗਾਂਗ-ਰਾਗਾਂ ਨੂੰ ਵੀ ਆਪਣੇ ਆਸ਼ਰਯ ਰਾਗਾਂ ਦੇ ਅਧੀਨ ਹੀ-ਸੁਤੰਤਰ ਮਾਨਤਾ ਦਿੱਤੀ ਗਈ।

ਅਨੇਕਾਂ ਮਿਸ਼ਰਤ ਰਾਗਾਂ ਦਾ ਪਰਯੋਗ ਵੀ ਗੁਰੂ ਗਰੰਥ ਸਾਹਿਬ ਵਿੱਚ ਕੀਤਾ ਗਿਆ ਹੈ। ਜਿਵੇਂ ਤਿਲੰਗ ਕਾਫੀ, ਮਾਰੂ ਕਾਫੀ, ਸੂਹੀ-ਲਲਿਤ, ਬਿਲਾਵਲ-ਗੋਂਡ, ਬਸੰਤ ਹਿੰਡੋਲ, ਕਲਿਆਨ-ਭੋਪਾਲੀ। ਇਹਨਾਂ ਵਿਚੋਂ ਬਹੁਤ ਸਾਰੇ ਰਾਗ ਗੁਰੂ ਗਰੰਥ ਸਾਹਿਬ ਦੀ ਨਵੇਕਲੀ ਵਿਸ਼ੇਸ਼ਤਾ ਹਨ ਅਤੇ ਕਿਸੇ ਵੀ ਹੋਰ ਸੰਗੀਤ ਗਰੰਥ ਵਿੱਚ ਇਨ੍ਹਾਂ ਬਾਰੇ ਹਵਾਲਾ ਨਹੀਂ ਮਿਲਦਾ।

7. 'ਰਹਾਉ' ਦੀ ਤੁਕ ਵਿੱਚ ਸ਼ਬਦ ਦਾ ਕੇਂਦਰੀ ਭਾਵ ਨਿਹਿਤ ਹੁੰਦਾ ਹੈ। ਰਹਾਉ ਦਾ ਅਰਥ ਹੈ ਸਥਾਈ, ਟੇਕ ਅਤੇ ਇਸੇ ਤੁਕ ਨੂੰ ਸਥਾਈ ਬਣਾਕੇ ਗਾਉਣ ਨਾਲ ਸ਼ਬਦ ਦਾ ਸੰਪੂਰਨ ਭਾਵ ਉਜਾਗਰ ਹੁੰਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਦਾ ਇਹ ਵਿਵਸਥਿਤ ਸੰਗੀਤ ਵਿਧਾਨ ਇਸਦੀ ਸੰਗੀਤਕ-ਸੰਰਚਨਾ ਦੇ ਹਰ ਪੱਖ ਦੀ ਪੁਸ਼ਟੀ ਕਰਦਾ ਹੈ। ਉਸ ਸਮੇਂ ਦਾ ਕੋਈ ਵੀ ਕ੍ਰਿਆਤਮਕ ਰਿਕਾਰਡ ਜਾਂ ਪਰਮਾਣ ਸਾਡੇ ਕੋਲ ਉਪਲਬਧ ਨਾ ਹੋਣ ਕਾਰਨ ਇਸ ਦੇ ਸੰਗੀਤ-ਵਿਧਾਨ ਦੇ ਅਰਥ-ਨਿਰੂਪਣ (Interpretation) ਵਿੱਚ ਮਤਭੇਦ ਦਾ ਹੋਣਾ ਸੁਭਾਵਕ ਹੈ। ਵਧੇਰੇ ਲੋੜ ਇਸ ਦੇ ਮੁਢਲੇ ਸੰਗੀਤ-ਵਿਧਾਨ ਅਤੇ ਉਦੇਸ਼ ਨੂੰ ਸਮਝਣ ਦੀ ਹੈ। ਗੁਰਬਾਣੀ ਸੰਗੀਤ ਪਰਬੰਧ ਦੇ ਲਕਸ਼ਣ ਨੂੰ ਚੰਗੀ ਤਰ੍ਹਾਂ ਜਾਣੇ ਬਿਨਾਂ ਲਕਸ਼ ਪ੍ਰਾਪਤੀ ਅਸੰਭਵ ਹੈ।

ਕਿਰਿਆਤਮਕ ਪਰਮਾਣ ਦੀ ਅਣਹੋਂਦ ਕਾਰਣ ਨਿਮਨ ਲਿਖਤ ਮੁੱਦਿਆਂ ਤੇ ਮਤਭੇਦ ਦੀ ਗੁੰਜਾਇਸ਼ ਹੈ—

(1) ਰਾਗਾਂ ਦਾ ਸਰੂਪ

(2) ਰਾਗਦਾਰੀ ਦੀ ਪਰਯੋਗਿਕ ਵਿਧੀ

(3) ਗਾਇਨ-ਸ਼ੈਲੀਆਂ ਦਾ ਪਰਯੋਗ

(4) ਸਾਜ਼ਾਂ ਦੀ ਵਰਤੋਂ

ਜਿੱਥੇ ਤੱਕ ਰਾਗਾਂ ਦੇ ਸਰੂਪ ਦਾ ਸਵਾਲ ਹੈ, ਗੁਰੂਗਰੰਥ ਸਾਹਿਬ ਵਿੱਚ ਇਹਨਾਂ ਦੇ ਕਿਰਿਆਤਮਕ ਸਰੂਪ ਬਾਰੇ ਕਿਤੇ ਕੋਈ ਹਵਾਲਾ ਨਹੀਂ ਹੈ, ਕੇਵਲ ਰਾਗਾਂ ਦੇ ਨਾਮ ਦਿੱਤੇ ਗਏ ਹਨ। ਉਸ ਸਮੇਂ ਦੇ ਰਾਗ-ਸਰੂਪਾਂ ਦੀ ਜਾਣਕਾਰੀ ਹਾਸਲ ਕਰਨ ਲਈ ਸਮਕਾਲੀ ਸੰਗੀਤ-ਗਰੰਥ ਇੱਕ ਸਰੋਤ ਹਨ। ਦੂਸਰਾ ਸਰੋਤ ਹਨ—ਖਾਨਦਾਨੀ ਕੀਰਤਨਕਾਰਾਂ ਨੂੰ ਸੀਨਾ-ਬ-ਸੀਨਾ ਤਾਲੀਮ ਰਾਹੀਂ ਪਰਾਪਤ ਹੋਏ ਰਾਗ-ਸਰੂਪ। ਇਸ ਦੀ ਪਰਮਾਣਿਕਤਾ ਵਿੱਚ ਐਨੀ ਕੁ ਗੁੰਜਾਇਸ਼ ਰਹਿੰਦੀ ਹੈ ਕਿ ਪੀੜ੍ਹੀ-ਦਰ-ਪੀੜ੍ਹੀ ਜਦੋਂ ਕੋਈ ਵੀ ਕਲਾ-ਰੂਪ ਯਾਤਰਾ ਕਰਦਾ ਹੈ ਤਾਂ ਉਸ ਵਿੱਚ ਕੁਝ ਅੰਤਰ ਆ ਜਾਣਾ ਸੁਭਾਵਕ ਹੈ। ਬਹੁਤਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤਾਲੀਮ ਗ੍ਰਹਿਣ ਕਰਨ ਵਾਲਿਆਂ ਨੇ ਉਸ ਨੂੰ ਕਿੰਨੀ ਸ਼ਿੱਦਤ ਨਾਲ ਪ੍ਰਾਪਤ ਕੀਤਾ ਹੈ ਅਤੇ ਇਸ ਵੱਡਮੁੱਲੇ ਵਿਰਸੇ ਨੂੰ ਕਿੰਨਾ ਕ ਸਾਂਭ ਕੇ ਰਖਿਆ ਹੈ। ਭਾਰਤੀ ਸੰਗੀਤ ਦੇ ਅਧਿਐਨ ਤੋਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਉਸ ਸਮੇਂ ਪਰਚਲਿਤ ਰਾਗ-ਰੂਪਾਂ ਦਾ ਅਜੋਕੇ ਰਾਗ-ਰੂਪਾਂ ਨਾਲੋਂ ਬਹੁਤ ਅੰਤਰ ਹੈ। ਸੀਨਾ-ਬ-ਸੀਨਾ ਤਾਲੀਮ ਤਾਂ ਇਸ ਪਰਣਾਲੀ ਵਿੱਚ ਵੀ ਚੱਲਦੀ ਆਈ ਹੈ। ਇਸ ਸਬੰਧ ਵਿੱਚ ਤਿੰਨ ਹੋਰ ਸੁਆਲ ਉਠਦੇ ਹਨ।

1) ਕੀ ਅੱਜ ਵੀ ਸਾਨੂੰ ਹੂ-ਬ-ਹੂ ਉਹੋ ਰਾਗ ਸਰੂਪ ਪਰਾਪਤ ਹੁੰਦੇ ਹਨ ਜੋ ਗੁਰੂ ਸਾਹਿਬਾਨ ਦੇ ਸਮੇਂ ਵਿੱਚ ਪਰਚਲਿਤ ਸਨ?

2) ਕੀ ਗੁਰੂ ਸਾਹਿਬਾਨ ਨੇ ਉਸ ਸਮੇਂ ਪਰਚਲਿਤ ਰਾਗ-ਸਰੂਪਾਂ ਵਿੱਚ ਕੋਈ ਪਰਿਵਰਤਨ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਸੀ?

3) ਕੀ ਸਮਕਾਲੀ ਰਾਗ-ਸਰੂਪਾਂ ਨੂੰ ਗੁਰਮਤਿ ਸੰਗੀਤ ਵਿੱਚ ਕੋਈ ਸਥਾਨ ਨਹੀਂ ਮਿਲਣਾ ਚਾਹੀਦਾ?

ਜਿੱਥੋਂ ਤੱਕ ਦੂਸਰੇ ਪ੍ਰਸ਼ਨ ਦਾ ਸਬੰਧ ਹੈ, ਇਹ ਤਾਂ ਸਪਸ਼ਟ ਹੈ ਕਿ ਗੁਰੂਜਨਾਂ ਨੇ ਰਾਗ-ਰਾਗਣੀ ਪੱਧਤੀ ਦੀ ਥਾਂ ਨਿਰੋਲ ਰਾਗ ਸ਼ਬਦ ਦਾ ਹੀ ਪ੍ਰਯੋਗ ਕੀਤਾ ਹੈ। ਸੰਭਵ ਹੈ ਕਿ ਉਹਨਾਂ ਨੇ ਪਰਚਲਿਤ ਰਾਗ-ਸਰੂਪਾਂ ਵਿੱਚ ਕੋਈ ਪਰਿਵਰਤਨ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਹੋਵੇ, ਪਰ ਇਸ ਦਾ ਵੀ ਕੋਈ ਪਰਮਾਣ ਹਾਸਲ ਨਹੀਂ।

ਕਲਾ ਸਦਾ ਪਰਿਵਰਤਨਸ਼ੀਲ ਹੈ। ਸਮੇਂ ਦੀ ਚਾਲ ਦੇ ਨਾਲ ਨਾਲ ਇਸ ਵਿੱਚ ਕੁਝ ਨਾ ਕੁਝ ਜੁੜਦਾ ਤੇ ਬਦਲਦਾ ਰਹਿੰਦਾ ਹੈ। ਇਸੇ ਤਰ੍ਹਾਂ ਰਾਗ-ਰੂਪਾਂ ਵਿੱਚ ਵੀ ਕਲਾਕਾਰ ਮਨੋਰੁਚੀ ਦੇ ਮੁਤਾਬਕ ਕੁਝ ਨਾ ਕੁਝ ਜੋੜਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਨਵਾਂ ਰੂਪ ਪ੍ਰਦਾਨ ਕਰਦੇ ਹਨ। ਜਿਸ ਸਮੇਂ ਜਿਹੜਾ ਰੂਪ ਪ੍ਰਚਲਿਤ ਹੋਵੇ, ਉਸ ਸਮੇਂ ਉਹੀ ਰੂਪ ਗਾਉਣਾ-ਵਜਾਉਣਾ ਚੰਗਾ ਲੱਗਦਾ ਹੈ। ਅੱਜ ਜੋ ਰਾਗ-ਸਰੂਪ ਪਰਚਲਿਤ ਹਨ ਉਹਨਾਂ ਦੀ ਵਰਤੋਂ ਜੇ ਕੀਤੀ ਜਾਵੇ ਤਾਂ ਮਨ ਭਾਉਂਦੀ ਲਗੇਗੀ ਅਤੇ ਰਾਗ ਦੀ ਰਉਂ (mood) ਪੂਰੀ ਤਰ੍ਹਾਂ ਉਭਰੇਗੀ। ਸਰੋਤਿਆਂ ਵਿਚੋਂ ਬਹੁਤੇ ਪੁਰਾਤਨ-ਸਰੂਪਾਂ ਤੋਂ ਵਾਕਫ਼ ਨਹੀਂ ਹੁੰਦੇ, ਇਸ ਲਈ ਉਹ ਸਮਕਾਲੀ ਰਾਗ-ਸਰੂਪਾਂ ਰਾਹੀਂ ਹੀ ਉਸ ਰਾਗ ਦਾ ਅਨੰਦ ਲੈ ਸਕਣਗੇ।

ਰਾਗਾਂ ਦੇ ਸਰੂਪ ਇਕ ਵਾਰੀ ਨਿਰਧਾਰਤ ਕਰ ਦਿਤੇ ਜਾਣ ਤਾਂ ਇਨ੍ਹਾਂ ਵਿਚ ਵਿਗਾੜ ਦੀ ਸੰਭਾਵਨਾ ਖਤਮ ਹੋ ਜਾਵੇਗੀ। ਇਕ ਸੀਮਾਂ ਜ਼ਰੂਰ ਨਿਰਧਾਰਤ ਕਰਨੀ ਪਵੇਗੀ ਕਿ ਕਿਸ ਰਾਗ-ਰੂਪ ਵਿਚ ਕਿਥੋਂ ਤਕ ਫੇਰ-ਬਦਲ ਕੀਤਾ ਜਾ ਸਕਦਾ ਹੈ, ਤਾਂ ਜੋ ਰਾਗ ਦੇ ਮੂਲ-ਸਰੂਪ ਵਿਚ ਕੋਈ ਵਿਗਾੜ ਉਤਪੰਨ ਨਾ ਹੋਵੇ ਅਤੇ ਉਸਦੀ ਸੰਭਾਲ ਹੋ ਸਕੇ।

ਦੂਸਰਾ ਮਹੱਤਵਪੂਰਣ ਪਹਿਲੂ ਹੈ ਰਾਗ ਦੀ ਪਰਯੋਗਿਕ ਵਿਧੀ। ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਜੋ ਅੰਤਰ ਹੈ ਉਹ ਰਾਗਾਂ ਦੇ ਸਰੂਪ ਜਾਂ ਰਾਗ ਦੀ ਵਿਆਕਰਣ ਦੇ ਆਧਾਰ ਤੇ ਨਹੀਂ ਹੈ ਬਲਕਿ ਰਾਗ ਅਤੇ ਸੰਗੀਤ ਦੀ ਪਰਯੋਗਿਕ ਵਿਧੀ ਵਿਚ ਹੈ। ਇਸ ਮਹੱਤਵਪੂਰਨ ਨੁਕਤੇ ਨੂੰ ਜਿਹੜਾ ਵੀ ਕੀਰਤਨੀਆਂ ਜਾਂ ਗੁਰਮਤਿ ਸੰਗੀਤ ਦਾ ਸਿਖਿਆਰਥੀ ਸਮਝ ਜਾਵੇਗਾ, ਗੁਰਮਤਿ ਸੰਗੀਤ ਦੇ ਸਹੀ ਲਕਸ਼ ਨੂੰ ਸਹਿਜੇ ਹੀ ਪਰਾਪਤ ਕਰ ਲਵੇਗਾ। ਭਾਰਤੀ ਸੰਗੀਤ ਦੀ ਅੱਜ ਸਰਬ ਪਰਚਲਿਤ ਗਾਇਨ ਸ਼ੈਲੀ ਖਿਆਲ ਹੈ। ਹਰ ਪਾਸੇ ਖਿਆਲ ਦੀ ਪਰਧਾਨਤਾ ਹੈ ਪਰ, ਖਿਆਲ ਵਿਚ ਜਿਥੇ ਰਾਗਦਾਰੀ, ਸੁਰ ਦੀ ਪਰਧਾਨਤਾ ਅਤੇ ਕਲਪਨਾ ਦੀਆਂ ਉਡਾਰੀਆਂ ਮਾਰੀਆਂ ਜਾਂਦੀਆਂ ਹਨ, ਉਥੇ ਸ਼ਬਦ-ਗਾਇਨ ਵਿਚ ਸ਼ਬਦ ਦੀ ਪਰਧਾਨਤਾ, ਰਾਗ ਨੂੰ ਇਕ ਮਾਧਿਅਮ ਵਜੋਂ ਵਰਤਣਾ, ਗਾਇਕੀ ਵਿਚ ਸਹਿਜ, ਸੰਜਮ ਤੇ ਅਨੁਸਾਸ਼ਨ ਦਾ ਪਰਯੋਗ-ਗੁਰਬਾਣੀ ਗਾਇਨ ਦੇ ਵਾਸਤਵਿਕ ਲਛਣ ਹਨ।

ਜੇਕਰ ਇਹ ਕਿਹਾ ਜਾਵੇ ਕਿ ਗੁਰਬਾਣੀ ਗਾਇਨ ਦੀ ਆਪਣੀ ਗਾਇਨ ਸ਼ੈਲੀ ਹੈ ਜੋ ਪਰਚਲਿਤ ਭਾਰਤੀ ਸੰਗੀਤ ਦੀਆਂ ਸਮਸਤ ਸ਼ੈਲੀਆ ਨਾਲੋਂ ਭਿੰਨ ਹੈ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਸ਼ਬਦ ਭਾਵੇਂ ਧਰੁਪਦ ਜਾਂ ਖਿਆਲ ਸ਼ੈਲੀ ਨੂੰ ਆਧਾਰ ਬਣਾ ਕੇ, ਜਾਂ ਸੁਗਮ ਸੰਗੀਤ ਨੂੰ ਆਧਾਰ ਬਣਾ ਕੇ ਗਾਇਆ ਜਾਵੇ, ਸੰਗੀਤ ਸਦਾ ਸ਼ਬਦ ਅਤੇ ਉਸ ਵਿਚ ਆਏ ਵਿਚਾਰਾਂ ਦੀ ਪ੍ਰਤਿਨਿਧਤਾ ਕਰਨ ਦਾ ਮਾਧਿਅਮ ਰਹੇਗਾ। ਸੁਰ ਅਤੇ ਤਾਲ ਸ਼ਬਦ ਨਾਲ ਸੰਜੋਏ ਰਹਿਣਗੇ। ਸਾਰੇ ਹੀ ਸੰਗੀਤਕ ਉਪਕਰਨ ਸ਼ਬਦ ਦੀ ਪਰਧਾਨਤਾ ਨੂੰ ਬਣਾਈ ਰੱਖਣਗੇ।

ਕੀਰਤਨ ਨਾਲ ਸੰਗਤ ਕਰਨ ਵਾਲੇ ਸਾਜ਼ਾਂ ਦੀ ਵਰਤੋਂ ਵੀ ਇਸ ਪਰਕਾਰ ਹੀ ਹੋਵੇਗੀ। ਕੀਰਤਨ ਨਾਲ ਪਰਯੋਗ ਹੋਣ ਵਾਲੇ ਸਾਜ਼ ਅਜਿਹੇ ਹੋਣ ਜੋ ਕੀਰਤਨ ਦੀ ਮਰਿਆਦਾ ਤੇ ਅਸਲ ਮਨੋਰਥ ਦੀ ਪਰਾਪਤੀ ਵਿਚ ਸਹਾਈ ਹੋਣ ਨਾ ਕਿ ਜੋ ਇਸਦੀ ਬਿਰਤੀ ਭੰਗ ਕਰਨ। ਸਨਾਤਨੀ ਧੁਨੀਆਂ ਵਾਲੇ ਸਾਜ਼ਾਂ ਦਾ ਪਰਯੋਗ ਹੀ ਉੱਤਮ ਹੈ ਜਿਵੇਂ ਰਬਾਬ, ਸਿਤਾਰ, ਸਰੋਦ, ਤਾਨਪੂਰਾ, ਤਾਊਸ, ਸਾਰੰਗੀ ਆਦਿ। ਸਾਜ਼ ਦੀ ਆਵਾਜ਼ ਕੀਰਤਨੀਏ ਦੀ ਆਵਾਜ਼ ਨੂੰ ਕਮਜ਼ੋਰ ਨਾ ਕਰੇ ਬਲਕਿ ਇਕ ਸੁਰਮਈ ਮਾਹੌਲ ਸਿਰਜੇ ਅਤੇ ਜਿਸ ਵਿਚ ਬਾਣੀ ਦਾ ਸਹਿਜ ਗਾਇਨ ਹੋ ਸਕੇ। ਅੱਜ ਕਲ੍ਹ ਕੇਵਲ ਹਾਰਮੋਨੀਅਮ ਅਤੇ ਤਬਲੇ ਨਾਲ ਕੀਰਤਨ ਕਰਨ ਦਾ ਰਿਵਾਜ ਪੈ ਗਿਆ ਹੈ। ਤੰਤੀ ਸਾਜ਼ਾਂ ਦੇ ਪੁਨਰ-ਪਰਚਲਨ ਦੀ ਲੋੜ ਹੈ ਅਤੇ ਇਨ੍ਹਾਂ ਦੇ ਪਰਯੋਗ ਨੂੰ ਉਤਸ਼ਾਹ

ਮਿਲਣਾ ਚਾਹੀਦਾ ਹੈ। ਗੁਰਮਤਿ ਸੰਗੀਤ ਵਿਚ ਸਭ ਤੋਂ ਆਦਰਯੋਗ ਸਥਾਨ ਤਾਂ ਰਬਾਬ ਨੂੰ ਪਰਾਪਤ ਹੈ ਭਾਈ ਮਰਦਾਨੇ ਦੀ ਰਬਾਬ ਨੂੰ ਜਿਸਦੀਆਂ ਸੁਰਾ ਛਿੜਦੀਆਂ ਅਤੇ ਅਲਾਹੀ ਬਾਣੀ ਦਾ ਉਤਾਰਾ ਹੁੰਦਾ। ਭਾਈ ਮਰਦਾਨੇ ਦੀ ਕੁਲ ਵਿਚ ਜਿਹੜੇ ਸੰਗੀਤਕਾਰ ਹੋਏ ਉਹ ਰਬਾਬੀ ਹੀ ਅਖਵਾਏ। ਰਬਾਬ ਕੀਰਤਨ ਦੇ ਸੰਗੀਤ ਲਈ ਪਰਮੁੱਖ ਸਾਜ਼ ਰਿਹਾ। ਗੁਰੂ ਅਮਰਦਾਸ ਜੀ ਨੇ ਸਾਰੰਦਾ ਈਜ਼ਾਦ ਕੀਤਾ ਅਤੇ ਫੇਰ ਸਾਰੰਦਾ ਵੀ ਕੀਰਤਨ ਦਾ ਭਾਗ ਬਣ ਗਿਆ। ਇਸ ਪਰਕਾਰ ਕੀਰਤਨ ਵਿਚ ਤੰਤੀ ਸਾਜ਼ਾਂ ਦੀ ਪਰੰਪਰਾ ਆਰੰਭ ਤੋਂ ਹੀ ਰਹੀ ਹੈ।

ਅੱਜ ਦੀ ਪੜ੍ਹੀ-ਲਿਖੀ ਸੂਝਵਾਨ ਸੰਗਤ ਗੁਰਮਤਿ ਸੰਗੀਤ ਪ੍ਰਤੀ ਕਾਫ਼ੀ ਚੇਤੰਨ ਹੋਈ ਹੈ। ਸਦੀਆਂ ਪੁਰਾਣੀ ਆਪਣੀ ਇਸ ਵਿਰਾਸਤ ਅਤੇ ਗੁਰੂ ਜਨਾਂ ਦੀ ਅਮੁੱਲ ਦੇਣ ਪ੍ਰਤੀ ਜਾਗਰੂਕਤਾ ਉਸ ਵਿਚ ਆਈ ਹੈ। ਗੁਰਮਤਿ ਸੰਗੀਤ ਨੂੰ ਪਰਚਾਰਨ ਅਤੇ ਪਰਸਾਰਨ ਲਈ ਰਾਗਮਈ ਗੁਰਬਾਣੀ ਸੰਗੀਤ ਸੰਮੇਲਨਾਂ ਦਾ ਥਾਂ-ਥਾਂ ਤੇ ਆਯੋਜਨ ਕੀਤਾ ਜਾ ਰਿਹਾ ਹੈ। ਸਿੱਖ ਬੁਧੀਜੀਵੀ, ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੱਕ ਗੁਰਮਤ-ਸੰਗੀਤ ਨੂੰ ਇਕ ਵਿਸ਼ੇ ਵਜੋਂ ਮਾਨਤਾ ਦਿਵਾਉਣ ਲਈ ਯਤਨਸ਼ੀਲ ਹਨ। ਅੱਜ ਜਿੰਨੀ ਗੁਰਮਤਿ ਸੰਗੀਤ ਬਾਰੇ ਚਰਚਾ ਹੈ, ਉਨੀ ਕਦੇ ਵੀ ਨਹੀਂ ਸੀ। ਇਹ ਜਾਗਰੂਕਤਾ ਅਤੇ ਜਤਨ ਗੁਰਮਤਿ ਸੰਗੀਤ ਦੇ ਵਿਕਾਸ ਲਈ ਸ਼ੁੱਭ ਲੱਛਣ ਹਨ। ਵਿਚਾਰਨਯੋਗ ਗੱਲ ਇਹ ਹੈ ਕਿ ਗੁਰਮਤਿ ਸੰਗੀਤ ਕੇਵਲ ਇਕ ਵਿਸ਼ਾ ਹੀ ਬਣ ਕੇ ਨਾ ਰਹਿ ਜਾਵੇ ਕਿਉਂਕਿ ਇਹ ਕੇਵਲ ਇਕ ਵਿਸ਼ਾ ਨਹੀਂ, ਇਕ ਮਨੋਬਿਰਤੀ ਹੈ, ਮਨੋਧਰਮ ਹੈ। ਜਿਵੇਂ ਸੰਗੀਤ ਵੀ ਇਕ ਵਿਸ਼ਾ ਨਹੀਂ, ਜੀਵਨ ਪ੍ਰਤੀ ਇਕ ਕਲਾਮਈ ਪਹੁੰਚ ਹੈ। ਗੁਰਮਤਿ ਸੰਗੀਤ ਤਾਂ ਗੁਰੂ ਦਾ ਉਪਦੇਸ਼ ਹੈ, ਜਿਸ ਨੂੰ ਗ੍ਰਹਿਣ ਕਰਨ ਤੋਂ ਪਹਿਲਾਂ ਮਨੋਬਿਰਤੀ ਪੂਰੀ ਤਰ੍ਹਾਂ ਇਸ ਪਾਸੇ ਲਗਾਉਣੀ ਆਵੱਸ਼ਕ ਹੈ।

ਕੀਰਤਨ ਜਿੱਥੇ ਈਸ਼ਵਰ ਉਪਾਸਨਾ ਦਾ ਇਕ ਮਾਧਿਅਮ ਹੈ, ਉਥੇ ਇਕ ਕਲਾ ਵੀ ਹੈ। ਜਿਵੇਂ ਕਲਾ ਦੇ ਹੋਰ ਖੇਤਰਾਂ ਵਿਚ ਨਿਘਾਰ ਆਇਆ ਹੈ, ਉਵੇਂ ਹੀ ਕੀਰਤਨ ਵਿਚ ਵੀ ਵਪਾਰਪ੍ਰਸਤੀ (Commercialism) ਨੇ ਘਰ ਕੀਤਾ ਹੈ। ਧੜਾਧੜ ਕੈਸਟਾਂ ਬਨਾਉਣੀਆਂ, ਕੀਰਤਨ ਦੌਰਾਨ ਲੰਬੇ ਲੰਬੇ ਵਿਆਖਿਆਨ ਕਰਕੇ ਸਰੋਤਿਆਂ ਦੀਆਂ ਭਾਵਨਾਵਾਂ ਨੂੰ ਰਾਗ ਰਾਹੀਂ ਨਹੀਂ ਸਗੋਂ ਉਪਭਾਵੁਕ ਤਕਰੀਰਾਂ ਰਾਹੀਂ ਜਗਾਉਣਾ, ਕਦੇ-ਕਦੇ ਰਾਜਨੀਤਕ ਵਿਸ਼ਿਆਂ ਦੀ ਚਰਚਾ ਕਰਕੇ ਸੰਪਰਦਾਇਕ ਭਾਵਨਾਵਾਂ ਨੂੰ ਭੜਕਾਉਣਾ, ਇਲੈਕਟਰਾਨਿਕ ਸਾਜ਼ਾਂ ਦੀ ਵਰਤੋਂ, ਚਲੰਤ ਧੁਨਾਂ ਤੇ ਕੀਰਤਨ ਕਰਨਾ। ਇਹ ਸਾਰੇ ਵਿਚਾਰ ਕੀਰਤਨ-ਪਰੰਪਰਾ ਵਿਚ ਘਰ ਚੁੱਕੇ ਹਨ। ਜੇਕਰ ਸੰਗਤ ਇਨ੍ਹਾਂ ਪ੍ਰਤੀ ਚੇਤੰਨ ਹੋਵੇਗੀ ਤਾਂ ਕੀਰਤਨਕਾਰਾਂ ਨੂੰ ਆਪੇ ਠੱਲ ਪੈ ਜਾਵੇਗੀ। ਗੁਰਮਤਿ ਸੰਗੀਤ ਨੂੰ ਸਿੱਖਿਆ ਦੇ ਸਥਾਨਾਂ ਤੇ ਇਕ ਵਿਸ਼ੇ ਵਜੋਂ ਮਾਨਤਾ ਦੇਣ ਨਾਲ, ਸਿਖਿਅਤ ਕੀਰਤਨ ਕਰਨ ਸਾਹਮਣੇ ਆਉਣਗੇ ਅਤੇ ਇਨ੍ਹਾਂ ਵਿਕਾਰਾਂ ਤੋਂ ਦੂਰ ਰਹਿ ਕੇ ਸਾਫ-ਸੁਥਰਾ, ਸਟੀਕ ਤੇ ਸ਼ੁਧ ਕੀਰਤਨ ਕਰਨਗੇ ਅਜਿਹੀ ਉਮੀਦ ਬੱਜਦੀ ਹੈ ਜੇਕਰ ਇਸ ਜਤਨ ਨੇ ਡਿਗਰੀਧਾਰੀ ਗੁਰਮਤਿ ਕੀਰਤਨੀਏ ਹੀ ਤਿਆਰ ਕਰਨੇ ਹਨ ਤਾਂ ਇਹ ਨਾਕਾਮਯਾਬ ਹੋ ਜਾਵੇਗੀ। ਕਿਸੇ ਵੀ ਕਲਾ ਜਾਂ ਹੁਨਰ

ਦਾ ਪਰਚਾਰ ਕਰਨਾ ਅਤੇ ਉਸਦੀ ਸਿੱਖਿਆ ਦੇ ਕੇ ਉਸ ਵਿਚ ਮਾਹਿਰਾਂ ਅਤੇ ਵਿਸ਼ੇਸ਼ੱਗਾਂ ਨੂੰ ਜਨਮ ਦੇਣਾ- ਅੱਜ ਦੀ ਸਿੱਖਿਆ ਪਰਣਾਲੀ ਦੇ ਦੋ ਭਿੰਨ ਪਹਿਲੂ ਹਨ। ਗੁਰਮਤਿ ਸੰਗੀਤ ਦੇ ਵਿਸ਼ੇ ਵਿਚ ਜੇ ਪਹਿਲਾ ਪੱਖ ਭਾਰੂ ਰਿਹਾ ਤਾਂ ਇਸ ਦਾ ਨਤੀਜਾ ਕੋਈ ਬਹੁਤਾ ਚੰਗਾ ਨਹੀਂ ਨਿਕਲੇਗਾ। ਦੂਸਰੇ ਪੱਖ ਨੂੰ ਸਫਲ ਕਰਨ ਲਈ ਗੁਰਮਤਿ ਸੰਗੀਤ ਦੀ ਸਿੱਖਿਆ ਪਰਣਾਲੀ ਵਿਚ ਸੰਗੀਤ ਦੇ ਨਾਲ ਨਾਲ ਸਿੱਖ ਇਤਿਹਾਸ ਦੀ ਜਾਣਕਾਰੀ, ਸਿਖ ਧਰਮ ਦੇ ਮੂਲ ਸਿਧਾਂਤਾਂ ਦੀ ਜਾਣਕਾਰੀ, ਗੁਰਮਤਿ ਸੰਗੀਤ ਦਾ ਇਤਿਹਾਸ ਪਿਛੋਕੜ ਅਤੇ ਸਹੀ ਉਦੇਸ਼, ਹੋਰ ਭਾਰਤੀ ਕੀਰਤਨ ਪਰੰਪਰਾਵਾਂ ਆਦਿ ਪੱਖਾਂ ਬਾਰੇ ਗਿਆਨ ਪਰਾਪਤੀ ਨੂੰ ਵੀ ਆਵੱਸ਼ਕ ਬਨਾਉਣਾ ਪਵੇਗਾ ਕਿਉਂ ਜੋ ਇਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਵਿਦਿਆਰਥੀ ਗੁਰਮਤਿ ਸੰਗੀਤ ਦੇ ਸਹੀ ਉਦੇਸ਼ ਤੇ ਲਕਸ਼ ਦੀ ਪਰਾਪਤੀ ਨਹੀਂ ਕਰ ਸਕੇਗਾ।

## ਟਿੱਪਣੀਆਂ

1. ਮੱਧਕਾਲ ਵਿਚ ਪਰਚਲਿਤ ਇਕ ਰਾਗ-ਵਰਗੀਕਰਣ ਵਿਧੀ ਜਿਸ ਦੇ ਅੰਤਰਗਤ ਰਾਗਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਸੀ। ਸ਼ੁਧ, ਛਾਇਆਲਗ ਅਤੇ ਸੰਕੀਰਣ ਰਾਗ। ਸ਼ੁਧ ਰਾਗ ਉਹ ਸਨ ਜੋ ਸੁਤੰਤਰ ਤੇ ਪਰਮੁੱਖ ਸਨ, ਛਾਇਆਲਗ ਜਿਨ੍ਹਾਂ ਵਿਚ ਕਿਸੇ ਹੋਰ ਰਾਗ ਦੀ ਛਾਇਆ ਆਉਂਦੀ ਸੀ ਅਤੇ ਸੰਕੀਰਣ ਮਿਸ਼ਰਤ ਤੇ ਜਟਿਲ ਰਾਗ ਸਨ।

2. ਪਰਮੁਖ ਰਾਗ ਜਾਂ ਕਿਸੇ ਵੱਡੇ ਰਾਗ ਦਾ ਪਰਕਾਰ ਜਾਂ ਉਸ ਦੇ ਪਰਵਾਰ ਨਾਲ ਸਬੰਧਿਤ ਰਾਗ।

3. ਇੱਥੇ 'ਆਸ਼ਰਯ' ਦਾ ਅਰਥ ਹੈ, ਆਪਣੇ ਉਪ-ਰਾਗ ਨੂੰ ਆਸਰਾ ਦੇਣ ਵਾਲਾ ਰਾਗ।

4. ਜਿਨ੍ਹਾਂ ਰਾਗਾਂ ਵਿਚ ਮਾਨਤਾ-ਪ੍ਰਾਪਤ ਰਾਗਾਂਗਾਂ ਦਾ ਪਰਯੋਗ ਹੁੰਦਾ ਹੋਵੇ। ਰਾਗਾਂਗ ਦਾ ਅਰਥ ਹੈ-ਕਿਸੇ ਰਾਗ ਦਾ ਰਾਗ-ਵਾਚਕ ਸੁਰ ਸਮੂਹ।

5. ਲਕਸ਼ਣ ਭਾਵ-ਲੱਛਣ ਚਿੰਨ੍ਹ, ਵਿਸ਼ੇਸ਼ਤਾਵਾਂ, ਨਿਯਮ। ਰਾਗਾਂ ਦੇ ਕੁਝ ਲਕਸ਼ਣ ਹੁੰਦੇ ਹਨ ਜੋ ਰਾਗ ਨੂੰ ਉਸਦੀ ਪਛਾਣ ਦਿੰਦੇ ਹਨ। ਇਸੇ ਤਰ੍ਹਾਂ ਹਰ ਗਾਇਕੀ ਦੇ ਕੁਝ ਵਿਸ਼ੇਸ਼ ਲਕਸ਼ਣ ਹੁੰਦੇ ਹਨ।

6. ਸੰਗੀਤ ਦਾ ਮੂਲ ਮੰਤਵ ਹੀ ਲਕਸ਼ਣਾਂ ਦੀ ਯੋਗ ਵਰਤੋਂ ਰਾਹੀਂ ਪਰਮ ਲਕਸ਼ ਦੀ ਪ੍ਰਾਪਤੀ ਹੈ।

# ਸ਼ਬਦ-ਸੁਰ – ਲਿਪੀ ਰਾਗ ਆਸਾ

ਆਸਾ ਮਹਲਾ ੫ ॥

ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥

ਈਤਹਿ ਊਤਹਿ ਘਟਿ ਘਟਿ ਘਟਿ ਘਟਿ ॥ ਤੂੰਹੀ ਤੂੰਹੀ ਮੋਹਿਨਾ ॥੧।

ਕਾਰਨ ਕਰਨਾ ਧਾਰਨ ਧਰਨਾ ॥ ਏਕੈ ਏਕੈ ਸੋਹਿਨਾ ॥੨।

ਸੰਤਨ ਪਰਸਨ ਬਲਿਹਾਰੀ ਦਰਸਨ ॥

ਨਾਨਕ ਸੁਖਿ ਸੁਖਿ ਸੋਇਨਾ ।੩॥ ੪॥੧੪੪॥

Asa 5th Guru.

The Guru has shown Thee to mine eyes, O Lord. Pause.

Here and there, in every soul and in every body, Thou, Thou alone art contained, O Bewitcher.

Thou alone art the canse of cause and the supporter of the earth, O Beauteous Lord.

Nanak devotes himself to meeting and beholding the saint and he sleeps in complete peace.

ਆਸਾ ਪੰਜਵੀਂ ਪਾਤਸ਼ਾਹੀ ।

ਗੁਰਾਂ ਨੇ ਮੇਰੀਆਂ ਅੱਖੀਆਂ ਨੂੰ ਤੂੰ ਵਿਖਾਲ ਦਿੱਤਾ ਹੈ, ਹੇ ਪ੍ਰਭੂ ! ਠਹਿਰਾਉ ।

ਏਥੇ ਅਤੇ ਉਥੇ, ਹਰ ਆਤਮਾ ਅੰਦਰ ਅਤੇ ਹਰ ਦੇਹਿ ਅੰਦਰ ਤੂੰ ਕੇਵਲ ਤੂੰ ਹੀ ਹੈਂ, ਹੇ ਫ਼ਰੇਫ਼ਤਾ ਕਰਨ ਵਾਲੇ !

ਕੇਵਲ ਤੂੰ ਹੀ, ਹੇਤੂਆਂ ਦਾ ਹੇਤੂ ਅਤੇ ਧਰਤੀ ਨੂੰ ਆਸਰਾ ਦੇਣ ਵਾਲਾ ਹੈਂ, ਸੁੰਦਰ ਸੁਆਮੀ !

ਨਾਨਕ ਸਾਧੂਆਂ ਦੇ ਮਿਲਾਪ ਅਤੇ ਦੀਦਾਰ ਉਤੋਂ ਆਪਣੇ ਆਪ ਨੂੰ ਸਦਕੇ ਕਰਦਾ ਹੈ ਅਤੇ ਉਹ ਪੂਰਨ ਠੰਢ-ਚੈਨ ਅੰਦਰ ਸੌਂਦਾ ਹੈ ।

## ਰਾਗ ਆਸਾ

ਸੰਗੀਤਕਾਰ—ਜੀ. ਐਸ. ਸਰਦਾਰ

ਪਰਿਚੈ :

ਇਹ ਪੰਜਾਬ ਦਾ ਇਕ ਪ੍ਰਸਿੱਧ ਰਾਗ ਹੈ । ਇਸ ਰਾਗ ਨੂੰ ਗੁਰੂ ਸਾਹਿਬਾਨ ਨੇ ਬੜਾ ਮਹੱਤਵ ਦਿੱਤਾ ਹੈ । ਹਰ ਗੁਰਦੁਆਰੇ ਵਿਚ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਹੁੰਦਾ ਹੈ ਅਤੇ ਸ਼ਾਮ ਨੂੰ ਸੋਦਰ ਦੀ ਚੌਂਕੀ ਵੀ ਇਸੀ ਰਾਗ ਵਿਚ ਹੁੰਦੀ ਹੈ । ਗੁਰਮਤਿ ਅਨੁਸਾਰ ਇਸ ਰਾਗ ਦਾ ਗਾਇਨ ਸਮਾਂ ਸਵੇਰੇ ਸ਼ਾਮ ਹੈ । ਇਸਦੇ ਆਰੋਹ ਵਿੱਚ 'ਰੇ' ਨੂੰ ਹਟਾ ਕੇ 'ਗ' ਲਗਾ ਦਿਤਾ ਜਾਏ ਤਾਂ ਇਹ ਰਾਜਸਥਾਨ ਦਾ 'ਮਾਂਡ' ਰਾਗ ਹੋ ਜਾਏਗਾ । ਵਾਦੀ 'ਸ' ਤੇ ਸੰਵਾਦੀ 'ਪ' ਹੈ ।

ਆਰੋਹ :— ਸ ਰੇ ਮ ਪ ਧ ਸਂ

ਅਵਰੋਹ :— ਸ ਨਿ ਧ ਪ ਮ ਗ ਸ ਰੇ ਗ ਸ ।

## ਬੰਦਿਸ਼ ਇਕ ਤਾਲ ਵਿਚ ਨਿਬੱਧ ਹੈ :

**ਸਥਾਈ :**

| | | | | | | | | | | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| × | | 0 | | 2 | | 0 | | 3 | | 4 | |
| ਰੇ | ਮ | ਪ | ਧ | — | ਪਧ | ਸਂ | — | ਰੇਂ | ਸਂਨਿ | ਧ | ਪ |
| ਗੁ | ਰਹਿ | ਦਿ | ਖਾ | ऽ | ਇਓ | ਲੋ | ऽ | ਇ | ਨਾ | ऽ | ऽ |
| ਪ | ਧ | ਧ | ਧ | — | ਪ | ਮਪ | ਧ | ਪ | ਮਗ | ਰੇਗ | ਸ |
| ਗੁ | ਰਹਿ | ਦਿ | ਖਾ | ऽ | ਇਓ | ਲੋऽ | ऽ | ਇ | ਨਾऽ | ऽऽ | ऽ |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| ਪ | ਪ | ਧ | ਸ | ਸਂ | ਸਂ | ਸਰੇਂ | ਰੇਂ | ਗਂ | ਰੇਂਸਂ | ਨਿ | ਧ |
| ਈ | ਤ | ਹਿ | ਉ | ਤ | ਹਿ | ਘਟਿ | ਘ | ਟਿ | ਘਟਿ | ਘ | ਟਿ |
| ਸਂ | ਸਂ | ਰੇਂ | ਸਂਨਿ | ਧ | ਪ | ਪ | ਧ | ਪ | ਮਗ | ਰੇਗ | ਸ |
| ਤੂੰ | ऽ | ਹੀ | ਤੂੰऽ | ऽ | ਹੀ | ਮੈਂ | ऽ | ਹਿ | ਨਾऽ | ऽऽ | ऽ |

ਨੋਟ : ਬਾਕੀ ਅੰਤਰੇ ਇਸੀ ਸਵਰ ਲਿਪੀ ਤੇ ਹਨ ।

# ਸਰਗਮ : ਸੁਰਾਂ 'ਤੇ ਅਧਾਰਿਤ ਨਾਵਲ

ਡਾ. ਈਸ਼ਰ ਸਿੰਘ ਤਾਂਘ

ਪੰਜਾਬੀ ਵਿਚ ਨਾਵਲਨਿਗਾਰੀ ਆਪਣੇ ਪੁਸ਼ਤੈਨੀ ਵਰਤਾਰੇ ਤੋਂ ਬਾਹਰ ਨਿਕਲ ਕੇ ਕੋਮਲ ਕਲਾਵਾਂ ਨਾਲ ਜੁੜਨ ਲੱਗ ਪਈ ਹੈ। ਗੁਰਮੁਖ ਸਿੰਘ ਸਹਿਗਲ ਕੇਵਲ ਮੋਦੀ ਕਾਲਜ, ਪਟਿਆਲਾ ਵਿਚ ਪ੍ਰੋਫੈਸਰ ਹੀ ਨਹੀਂ ਉਹ ਇਕ ਚੰਗਾ ਸੰਗੀਤਕਾਰ ਅਤੇ ਗ਼ਜ਼ਲ ਗਾਇਕ ਵੀ ਹੈ। ਸੰਗੀਤ ਵਿਚ ਉਸ ਦੀ ਇਤਨੀ ਦਿਲਚਸਪੀ ਹੈ ਕਿ ਉਸ ਨੇ ਆਪਣੇ ਨਵੇਂ ਨਾਵਲ 'ਸਰਗਮ' ਵਿਚ ਆਰੋਹ-ਅਵਰੋਹ ਦੇ ਨੇਮਾਂ ਅਨੁਸਾਰ ਪੂਰੇ ਨਾਵਲ ਦੀ ਉਸਾਰੀ ਕੀਤੀ ਹੈ। ਦੋ ਸੌ ਪੰਨਿਆਂ ਦੇ ਨਾਵਲ 'ਸਰਗਮ' ਵਿਚ ਅੱਧਾ ਭਾਗ ਆਰੋਹ ਦਾ ਹੈ ਜਿਸ ਵਿਚ ਕਹਾਣੀ ਸੰਗੀਤ ਪ੍ਰਣਾਲੀ ਅਨੁਸਾਰ ਸਿੱਖਰ ਵੱਲ ਵੱਧਦੀ ਹੈ ਅਤੇ ਅੱਧੇ ਹਿੱਸੇ ਵਿਚ ਅਵਰੋਹ ਵਾਂਗ ਹੌਲੀ ਹੌਲੀ ਸਹਿਜ ਭਾਵ ਨਾਲ ਹੇਠਾਂ ਉਤਰਦੀ ਸ਼ਾਂਤ ਅਡੋਲ ਸਮਾਪਤ ਹੋ ਜਾਂਦੀ ਹੈ, ਪਰ ਵਾਤਾਵਰਣ ਅਤੇ ਮਨ-ਮਸਤਕ ਅੰਦਰ ਇਕ ਗੂੰਜ, ਸੰਗੀਤ ਲੈਅ, ਵਿਸ਼ੇ ਦਾ ਪ੍ਰਭਾਵ ਅਨਹਦ ਨਾਦ ਵਾਂਗ ਗੂੰਜਦਾ ਰਹਿ ਜਾਂਦਾ ਹੈ।

'ਸਰਗਮ' ਨਾਵਲ ਤੋਂ ਪਹਿਲਾਂ ਸਹਿਗਲ ਦੇ ਦੋ ਨਾਵਲ ਪ੍ਰਕਾਸ਼ਤ ਹੋ ਚੁੱਕੇ ਹਨ। 'ਨਦੀਓਂ ਵਿਛੜੇ ਨੀਰ' ਅਤੇ 'ਲੁਆੜਗੀ'। ਉਹਨਾਂ ਦਾ ਇਕ ਹੋਰ ਨਾਵਲ 'ਹਿਜਰਤ' ਪ੍ਰਕਾਸ਼ਨ ਲਈ ਤਿਆਰ ਹੈ।

"ਹੱਥਲਾ ਨਾਵਲ ਪੰਜਾਬੀ ਨਾਵਲ ਲਈ ਇਕ ਨਵੀਂ ਪ੍ਰਾਪਤੀ ਹੈ ਜਿਸ ਬਾਰੇ ਨਿੱਠ ਕੇ ਗੱਲ ਕਰਨੀ ਤੇ ਸੰਵਾਦ ਰਚਾਉਣਾ ਬਣਦਾ ਹੈ। ਇਸ ਸੰਵਾਦੀ ਅਵਸਥਾ 'ਤੇ ਪਹੁੰਚਣ ਤੋਂ ਪਹਿਲਾਂ ਇਸ ਨਾਵਲ ਦਾ ਪਾਠਕਾਂ ਨਾਲ ਪ੍ਰੀਚੈ ਕਰਵਾਉਣਾ ਹੋਰ ਵੀ ਜ਼ਰੂਰੀ ਹੈ। ਇਸ ਨਾਵਲ ਬਾਰੇ ਸਹਿਗਲ ਨੇ ਆਪ ਲਿਖਿਆ ਹੈ :

"ਕੁਦਰਤ ਦੀਆਂ ਬੇਸ਼ੁਮਾਰ ਦਾਤਾਂ ਵਿਚੋਂ ਮਨੁੱਖ ਨੂੰ ਸਭ ਤੋਂ ਉੱਚੀ-ਸੁੱਚੀ ਦਾਤ ਮਿਲੀ ਹੈ, ਉਹ ਸੰਗੀਤ ਹੈ। ਸੰਗੀਤ ਦੇ ਸਤ ਸੁਰ ਜਿਨ੍ਹਾਂ ਵਿਚੋਂ ਕਈ ਰਾਗਾਂ ਦੀ ਸਿਰਜਣਾ ਹੋਈ ਹੈ। ਰਾਗ ਜੋ ਜ਼ਿੰਦਗੀ ਵਿਚ ਕੋਮਲਤਾ, ਨਫ਼ਾਸਤ ਤੇ ਖ਼ੂਬਸੂਰਤੀ ਭਰ ਦਿੰਦੇ ਹਨ, ਜਿਸ ਨਾਲ ਇਨਸਾਨ ਵਿਚ ਉਨ੍ਹਾਂ ਉਚ-ਇਖਲਾਕੀ ਗੁਣਾਂ ਦਾ ਪ੍ਰਵੇਸ਼ ਹੁੰਦਾ ਹੈ ਜਿਥੇ ਬੰਦਾ ਬੰਦੇ ਦਾ ਦਾਰੂ ਬਣਦਾ ਹੈ, ਮਾਨਵਤਾ ਦਾ ਪਿਆਰ ਜਾਗਦਾ ਹੈ ਅਤੇ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਦੀ ਸਮਝ ਆਉਂਦੀ ਹੈ। ਹਰ ਰਾਗ ਵਿਚ ਕੁੱਝ ਖ਼ਾਸ ਸੁਰ ਲੱਗਦੇ ਹਨ ਜੋ ਰਾਗ ਦੀ ਪ੍ਰਕਿਰਤੀ ਤੇ ਖ਼ੂਬਸੂਰਤੀ ਨੂੰ ਬਰਕਰਾਰ ਰਖਦੇ ਹਨ

ਪਰ ਜੇ ਇਨ੍ਹਾਂ ਖਾਸ ਸੁਰਾਂ ਵਿਚ ਕੋਈ ਵਰਜਿਤ ਸੁਰ ਲੱਗ ਜਾਵੇ ਤਾਂ ਸਾਰੇ ਰਾਗ ਦੀ ਪ੍ਰਕਿਰਤੀ ਹੀ ਨਸ਼ਟ ਹੋ ਜਾਂਦੀ ਹੈ। ਜ਼ਿੰਦਗੀ ਵੀ ਇਕ ਰਾਗ ਦੀ ਤਰ੍ਹਾਂ ਹੈ ਜਿਸ

ਦੀ ਸਰਗਮ ਦੇ ਖ਼ਾਸ ਸੁਰ-ਪਿਆਰ-ਮੁਹੱਬਤ, ਹਮਦਰਦੀ, ਆਪਸੀ ਮੇਲ-ਜੋਲ ਤੇ ਇਨਸਾਨੀ-ਦੋਸਤ ਹਨ। ਇਨ੍ਹਾਂ ਹੀ ਸੁਰਾਂ ਨਾਲ ਜ਼ਿੰਦਗੀ ਖ਼ੁਸ਼ਗਵਾਰ, ਹਮਵਾਰ, ਸੁਖਾਵੀਂ ਸੁੱਧਰੀ ਤੇ ਪੱਧਰੀ ਬਣਦੀ ਹੈ ਪਰ ਜੇ ਕਿਧਰੇ ਇਸ ਵਿਚ ਮਜ਼ਹਬੀ ਜਨੂੰਨ ਜ਼ਾਤ-ਪਾਤ, ਊਚ-ਨੀਚ ਤ ਨਫ਼ਰਤ-ਈਰਖਾ ਦੇ ਵਰਜਿਤ ਸੁਰ ਲੱਗ ਜਾਣ ਤਾਂ ਇਹ ਨਰਕ ਬਣ ਜਾਂਦੀ ਹੈ।

**ਐ ਖ਼ੁਦਾ! ਜ਼ਿੰਦਗੀ ਦੀ ਇਸ ਸਰਗਮ ਨੂੰ ਇਨ੍ਹਾਂ ਵਰਜਿਤ ਸੁਰਾਂ ਤੋਂ ਮਹਿਫ਼ੂਜ਼ ਰਖ। ਆਮੀਨ।"**

ਇਹ ਟਿਪਣੀ ਇਸ ਨਾਵਲ ਦੇ ਕਿਰਦਾਰ ਦੀ ਤਰਜਮਾਨੀ ਕਰਦੀ ਹੈ। ਜ਼ਿੰਦਗੀ ਦੇ ਦੋਵੇਂ ਪੱਖ, ਅਨਕੂਲ ਅਤੇ ਪ੍ਰਤੀਕੂਲ ਮਿਲੇ-ਜੁਲੇ ਹੋਏ ਹਨ। ਇਨ੍ਹਾਂ ਵਿਚੋਂ ਪ੍ਰਤੀਕੂਲ ਨੂੰ ਜਿਤਨਾ ਮਨਫ਼ੀ ਕੀਤਾ ਜਾ ਸਕੇ ਉਤਨ ਹੀ ਜ਼ਿੰਦਗੀ ਖ਼ੁਸ਼ਗਵਾਰ ਤੇ ਸੁਖਾਵੀਂ ਬਣ ਜਾਵੇਗੀ।

'ਸਰਗਮ' ਸੁਰਾਂ ਦੀ ਸਾਧਨਾਂ ਦੇ ਪ੍ਰਤੀਕਾਂ ਬਿੰਬਾਂ ਰਾਹੀਂ ਜ਼ਿੰਦਗੀ ਦੇ ਕੋਮਲ ਤੇ ਸੂਖਮ ਭਾਵਾਂ ਦੀ ਉਸਾਰੀ ਕਰਨ ਵਾਲਾ ਨਾਵਲ ਹੈ। ਗੁਰਮੁਖ ਸਿੰਘ ਸਹਿਗਲ ਇਕ ਸੰਵੇਦਨਸ਼ੀਲ ਸਾਧਕ ਹੈ। ਉਹ ਸੰਗੀਤ ਵਾਂਗ ਹੀ ਸਾਹਿਤ ਦੀ ਸਾਧਨਾ ਕਰਨ ਵਾਲਾ ਅਭਿਆਸੀ ਹੈ। ਇਸ ਲਈ ਉਹ ਦੋਹਾਂ ਵਿਚ ਇਕ-ਸੁਰਤਾ ਕਾਇਮ ਕਰਨ ਵਲ ਰੁਚਿਤ ਹੋਇਆ ਹੈ। ਸਰਗਮ ਪੰਜਾਬੀ ਨਾਵਲਕਾਰੀ ਲਈ ਜੀ ਆਇਆਂ ਦਾ ਹੱਕਦਾਰ ਹੈ।

ਬਹੁਤ ਹੀ ਵਧੀਆ ਗੇਟ-ਅਪ ਤੇ ਸੁੰਦਰ ਛਪਾਈ ਇਸ ਨਾਵਲ ਦੀ ਦਿੱਖ ਨੂੰ ਹੋਰ ਆਕਰਸ਼ਿਤ ਕਰਦੇ ਹਨ। ਨਾਵਲ ਦੀ ਕੀਮਤ 150 ਰੁਪੈ ਹੈ।

ਮਿਲਣ ਦਾ ਪਤਾ

**ਵੈੱਲਵਿਸ਼ ਪਬਲਿਸ਼ਰਜ਼**

ਪੀ. ਪੀ. 5, ਮੌਰੀਆ ਐੱਨਕਲੇਵ, ਦਿੱਲੀ-34

# ਮੁਹਿੰਦਰਜੀਤ—ਇਕ ਸੁਹਿਰਦ ਸੰਗੀਤਕਾਰ

ਬੰਬਈ ਸੰਗੀਤਕਾਰਾਂ ਦਾ ਮੱਕਾ ਹੈ। ਹਿੰਦੁਸਤਾਨ ਵਿਚ ਕਿਸੇ ਵੀ ਸ਼ਹਿਰ ਵਿਚ ਜੇ ਕੋਈ ਸੰਗੀਤਕਾਰ ਹੈ ਤਾਂ ਉਹ ਇਕ ਅੱਧ ਵਾਰੀ ਬੰਬਈ ਦਾ ਹੱਜ ਕਰਨ ਦੀ ਹਸਰਤ ਜ਼ਰੂਰ ਰੱਖਦਾ ਹੈ। ਇਸ ਸ਼ਹਿਰ ਵਿਚ ਹਿੰਦੁਸਤਾਨ ਦੇ ਉਚ-ਕੋਟੀ ਦੇ ਸੰਗੀਤਕਾਰ-ਕਲਾਕਾਰ ਆਬਾਦ ਹਨ। ਇਨ੍ਹਾਂ ਵਿਚੋਂ ਬਹੁਤੇ ਸੰਗੀਤਕਾਰ ਤਾਂ ਅਜਿਹੇ ਹਨ ਜੋ ਸ਼ੁਹਰਤ ਦੀਆਂ ਬੁਲੰਦੀਆਂ ਤਕ ਪਹੁੰਚ ਚੁੱਕੇ ਹਨ ਅਤੇ ਦੇਸ਼ ਵਿਦੇਸ਼ ਵਿਚ ਉਨ੍ਹਾਂ ਦਾ ਮਾਣ ਸਤਿਕਾਰ ਹੋ ਰਿਹਾ ਹੈ। ਪਰ ਕਈ ਸੰਗੀਤਕਾਰ ਅਜਿਹੇ ਵੀ ਹਨ ਜੋ ਗੁਣਾਂ ਦੀ ਗੱਠੜੀ ਨਾਲ ਆਪਣੇ ਹੀ ਘਰ ਦੇ ਕਿਸੇ ਗੋਸ਼ੇ ਵਿਚ ਸੰਗੀਤ ਦੀ ਸੂੱਖਮਤਾ ਨੂੰ ਬਰਕਰਾਰ ਰੱਖਦਿਆਂ ਹੋਇਆ ਸੰਗੀਤ ਸਾਧਨਾਂ ਵਿਚ ਜੁੱਟੇ ਹੋਏ ਹਨ। ਸ਼ੁਹਰਤ ਮਿਲਦੀ ਹੈ ਜਾਂ ਨਹੀਂ ਮਿਲਦੀ, ਇਹ ਉਹਨਾਂ ਦੀ ਸਿਰਦਰਦੀ ਨਹੀਂ। ਇਹ ਬਸ ਇਕੋ ਲਗਨ ਤੇ ਲਟਕ ਵਿਚ ਅਨੰਤ ਤੋਰ ਤੁਰੀ ਜਾ ਰਹੇ ਹਨ! ਅਜਿਹੇ ਦਰਵੇਸ਼ ਸੀਰਤ ਸੰਗੀਤਕਾਰਾਂ ਦਾ ਬੰਬਈ ਦੇ ਸੰਗੀਤਕ ਹਲਕਿਆਂ ਵਿਚ ਅਕਸਰ ਬੜੇ ਅਦਬ ਤੇ ਸਤਿਕਾਰ ਨਾਲ ਜ਼ਿਕਰਿ-ਖ਼ੈਰ ਚਲਦਾ ਰਹਿੰਦਾ ਹੈ। ਕਈ ਕਹਿੰਦੇ ਕਹਾਉਂਦੇ ਸ਼ੁਹਰਤਯਾਫਤਾ ਕਲਾਕਾਰ ਇਨ੍ਹਾਂ ਦਰਵੇਸ਼ਾਂ ਦੇ ਦਰਾਂ ਉਤੇ ਹਾਜ਼ਰੀ ਭਰਦੇ ਤੇ ਨਿਆਜ਼ ਹਾਸਿਲ ਕਰਦੇ ਰਹਿੰਦੇ ਹਨ।

ਇਨ੍ਹਾਂ ਦਰਵੇਸ਼ਾਂ ਵਿਚੋਂ ਇਕ ਅਜਿਹਾ ਦਰਵੇਸ਼ ਸੀਰਤ ਫਕੀਰਾਨਾ ਸੁਭਾਅ ਸੰਗੀਤਕਾਰ ਮੁਹਿੰਦਰਜੀਤ ਸਿੰਘ ਹੈ ਜਿਸ ਦੇ ਹਿੱਸੇ ਸ਼ੁਹਰਤ ਤਾਂ ਬਹੁਤ ਘਟ ਆਈ ਹੈ ਪਰ ਸੰਗੀਤ ਕਲਾ ਦੀ ਦੇਵੀ ਦੀ ਉਸ ਉਤੇ ਅਪਾਰ ਕ੍ਰਿਪਾ ਹੈ। ਜਦੋਂ ਤੋਂ ਉਸ ਹੋਸ਼ ਸੰਭਾਲੀ ਸੀ ਉਹ ਸੰਗੀਤ ਸਾਧਨਾਂ ਵਲ ਜੁੱਟ ਗਿਆ ਸੀ ਅਤੇ ਹੁਣ ਪਕੇਰੀ ਉਮਰ ਤਕ ਸੰਗੀਤ ਦਾ ਸਫਰ ਤੈਅ ਕਰਦਿਆਂ ਸੰਗੀਤ ਹੀ ਉਸ ਦਾ ਦੀਨ ਹੈ, ਈਮਾਨ ਹੈ, ਜਿੰਦ ਜਾਨ ਹੈ।

ਮਹਿੰਦਰਜੀਤ ਸਿੰਘ ਆਪਣੇ ਇਬਤਦਾਈ ਦੌਰ ਵਿਚ ਉਸਤਾਦ ਬੜੇ ਗੁਲਾਮ ਅਲੀ ਖ਼ਾਨ ਤੇ ਉਸਤਾਦ ਬਰਕਤਅਲੀ ਖਾਂ ਦੀ ਸੁਹਬਤ ਵਿਚ ਰਿਹਾ ਪਰ ਬਾਕਾਇਦਾ ਤੌਰ 'ਤੇ ਸੰਗੀਤ ਸਿੱਖਿਆ ਉਸ ਨੇ ਪੰਡਿਤ ਹੁਸਨ ਲਾਲ ਜੀ ਤੋਂ ਲੈਣੀ ਸ਼ੁਰੂ ਕੀਤੀ ਸੀ। ਪੰਡਿਤ ਹੁਸਨ ਲਾਲ ਆਪਣੇ ਸਮੇਂ ਦੇ ਮਸ਼ਹੂਰ ਸੰਗੀਤ ਨਿਰਦੇਸ਼ਕ, ਪ੍ਰਸਿੱਧ ਵਾਇਲਨ ਵਾਦਕ ਤੇ ਉਚ ਕੋਟੀ ਦੇ ਗਾਇਕ ਸਨ। ਮੁਹਿੰਦਰਜੀਤ ਵੀ ਆਪਣੇ ਗੁਰੂ ਦੇ ਨਕਸ਼ਿ-ਕਦਮਾਂ ਉਤੇ ਚਲਦਾ ਹੋਇਆ ਸਹੀ ਅਰਥਾਂ ਵਿਚ ਉਨ੍ਹਾਂ ਦੇ ਸਾਰੇ ਗੁਣਾਂ ਨੂੰ ਆਪਣੇ ਅੰਦਰ ਸਮੋਈ ਬਠਾ ਹੈ। ਅੱਜ ਉਹ ਇਕ ਸੁਲਝਿਆ ਹੋਇਆ ਗਾਇਕ, ਇਕ ਕੁਸ਼ਲ ਵਾਇਲਨ ਵਾਦਕ ਤੇ ਇਕ ਵਧੀਆ ਸੰਗੀਤ ਨਿਰਦੇਸ਼ਕ ਦੇ ਤੌਰ 'ਤੇ ਆਪਣੀ ਇਕ ਵੱਖਰੀ ਪਛਾਣ ਰੱਖਦਾ ਹੈ।

ਬਾਕਾਇਦਾ ਕਲਾਸੀਕਲ ਦੀ ਤਾਲੀਮ ਲੈਣ ਕਰਕੇ ਅੱਜ ਉਹ ਖ਼ਿਆਲ, ਠੁਮਰੀ, ਦਾਦਰਾ, ਗ਼ਜ਼ਲ, ਕਾਫ਼ੀ, ਗੀਤ ਤੇ ਭਜਨ ਪੂਰੀ ਮਹਾਰਤ ਨਾਲ ਗਾਉਣ ਦੇ ਸਮਰਥ ਹੈ।

ਹਿੰਦੁਸਤਾਨੀ ਕਲਾਸੀਕਲ ਸੰਗੀਤ ਦੇ ਨਾਲ ਨਾਲ ਉਸ ਨੂੰ ਪੱਛਮੀ ਸੰਗੀਤ ਦੀ ਵੀ ਡੂੰਘੀ ਸੂਝ ਹੈ। ਪੱਛਮੀ ਸੰਗੀਤ ਦਾ ਇਹ ਗੁਬਾਰ ਉਸ ਦੇ ਲੜਕੇ ਚਿੰਟੂ ਸਿੰਘ ਦੀ ਗਿਟਾਰ ਵਿਚ ਗੂੰਜਦਾ ਹੈ। ਮੁਹਿੰਦਰਜੀਤ ਦਾ ਲੜਕਾ ਇਸ ਵਕਤ ਬੰਬਈ ਵਿਚ ਇਕ ਪ੍ਰਸਿੱਧ ਗਿਟਾਰ ਵਾਦਕ ਦੇ ਤੌਰ 'ਤੇ ਮਸ਼ਹੂਰ ਹੈ। ਉਸ ਲਈ ਮੁਹਿੰਦਰਜੀਤ ਨੇ ਕੁਝ ਪੱਛਮੀ ਸੰਗੀਤ 'ਤੇ ਆਧਾਰਿਤ ਧੁਨਾਂ ਦੀ ਇਕ ਕੈਸੇਟ 'ਦੀ ਸਰਚ' ਹੁਣੇ ਜਿਹੇ ਨਿਕਲੀ ਹੈ। ਇਸ ਨੂੰ ਸੁਣ ਕੇ ਮੁਹਿੰਦਰਜੀਤ ਦੀ ਪਛਮੀ ਸੰਗੀਤ ਦੀ ਸੂਝਬੂਝ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜਗਜੀਤ ਸਿੰਘ ਵਰਗੇ ਅੱਜ ਦੇ ਮਸ਼ਹੂਰ ਗ਼ਜ਼ਲ ਗਾਇਕ ਨੂੰ ਵੀ ਲੋਕਾਂ ਦੇ ਸਾਹਮਣੇ ਸਟੇਜ ਉਤੇ ਪੇਸ਼ ਕਰਨ ਦਾ ਮਾਣ ਮੁਹਿੰਦਰਜੀਤ ਸਿੰਘ ਨੂੰ ਹੀ ਹਾਸਿਲ ਹੋਇਆ ਹੈ। ਬੰਬਈ ਦੇ ਪ੍ਰਸਿੱਧ ਗਾਇਕ ਅਕਸਰ ਉਸ ਦੀਆਂ ਕੰਪੋਜ਼ ਕੀਤੀਆਂ ਧੁਨਾਂ ਹੀ ਗਾਉਂਦੇ ਹਨ। ਰਾਜਿੰਦਰ ਮਹਿਤਾ ਤੇ ਨੀਨਾ ਮਹਿਤਾ ਨੇ 'ਅਲਵਿਦਾ ਓ-ਸਨਮ' ਨਾਮਕ ਕੈਸੇਟ ਵਿਚ ਮਹਿੰਦਰਜੀਤ ਦੀਆਂ ਕੰਪੋਜ਼ ਕੀਤੀਆਂ ਗ਼ਜ਼ਲਾਂ ਗਾਈਆਂ ਹਨ। ਇਸੇ ਤਰ੍ਹਾਂ 'ਰੰਗੇ-ਗ਼ਜ਼ਲ' ਵਿਚ ਜਸਪਾਲ ਸਿਘ ਦੇ 'ਖ਼ੁਮਾਰ' ਵਿਚ ਸੰਧਿਆ ਤੇ ਮੁਹਿੰਦਰਜੀਤ ਦੀਆਂ ਗ਼ਜ਼ਲਾਂ ਹਨ।

ਮੁਹਿੰਦਰਜੀਤ ਨੇ ਕਈ ਟੀ. ਵੀ. ਸੀਰੀਅਲ, ਟੈਲੀ ਫਿਲਮਾਂ ਤੇ ਫੀਚਰ ਫਿਲਮਾਂ ਲਈ ਵੀ ਸੰਗੀਤ ਦਿੱਤਾ ਹੈ ਜਿਨ੍ਹਾਂ ਵਿਚੋਂ ਸਦਭਾਵਨਾ, ਸੰਕਲਪ, ਪਾਸਾ ਪਲਟ ਗਯਾ, ਟੀ. ਵੀ. ਸੀਰੀਅਲ ਹਨ ਅਤੇ ਵਗਦੇ ਪਾਣੀ, ਨਾਮ ਹੋਗਾ ਅਨੁਜਾ, ਟੈਲੀ ਫਿਲਮ ਅਤੇ ਪੰਜਾਬੀ ਫੀਚਰ ਫਿਲਮ ਮੜ੍ਹੀ ਦਾ ਦੀਵਾ ਤੇ ਹਿੰਦੀ ਫਿਲਮ ਦੀਕਸ਼ਾ ਲਈ ਸੰਗੀਤ ਦਿੱਤਾ ਹੈ। ਉਸ ਦੀਆਂ ਆਉਣ ਵਾਲੀਆਂ ਫਿਲਮਾਂ ਵਿਚੋਂ ਗੈਰਤਮੰਦ, ਪ੍ਰਾਸਚਿਤ, ਗੰਗਾ ਬਨੀ ਜਵਾਲਾ ਤੇ ਪੰਜਾਬੀ ਫਿਲਮ 'ਉਡੀਕਾਂ ਸਾਵਣ ਦੀਆਂ' ਹਨ।

ਪਿੱਛੇ ਜਿਹੇ ਮੁਹਿੰਦਰਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਦੀ ਇਕ ਕੈਸਟ ਤਿਆਰ ਕੀਤੀ ਹੈ ਜਿਸ ਵਿਚ ਗੁਰੂ ਸਾਹਿਬ ਦੇ ਸ਼ਬਦਾਂ ਨੂੰ ਬੜੇ ਕਲਾਸਕੀ ਅੰਦਾਜ਼ ਵਿਚ ਸੁਰਬੱਧ ਕੀਤਾ ਹੈ। ਖਾਸ ਤੌਰ ਤੇ 'ਤੇ 'ਦੇਹ ਸ਼ਿਵਾ ਬਰ ਮੋਹਿ ਇਹੈ' ਸ਼ਬਦ ਨੂੰ ਬੜੇ ਹੀ ਕਲਾਸਕੀ ਅੰਦਾਜ਼ ਵਿਚ ਪੇਸ਼ ਕੀਤਾ ਹੈ ਜੋ ਹੁਣ ਤਕ ਕੀਤੇ ਗਏ ਇਸ ਸ਼ਬਦ ਦੇ ਅੰਦਾਜ਼ ਨਾਲੋਂ ਬਿਲਕੁਲ ਵਿਲੱਖਣ ਤੇ ਪੁਰਅਸਰ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਖਿਆਲ 'ਮਿੱਤਰ ਪਿਆਰੇ ਨੂੰ' ਵੀ ਮੁਹਿੰਦਰਜੀਤ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਗਾਇਆ ਹੈ। 'ਮਾਨਸ ਕੀ ਜਾਤ ਸਭੈ ਏਕੋ ਪਹਿਚਾਬੋ' ਸਬਦ ਨੂੰ ਪੇਸ਼ ਕਰਨ ਲੱਗਿਆਂ ਮੁਹਿੰਦਰਜੀਤ ਨੇ ਇਕ ਸੌ ਆਵਾਜ਼ਾਂ ਨੂੰ ਇਕੱਠਿਆਂ ਇਸ ਤਰ੍ਹਾਂ ਇਕਸੁਰਤਾ ਨਾਲ ਪੇਸ਼ ਕੀਤਾ ਹੈ ਕਿ ਸੁਣਦਿਆਂ ਹੀ ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਨੂੰ ਸੁਰਬੱਧ ਕਰਨ ਲਈ ਮੁਹਿੰਦਰਜੀਤ ਸਿੰਘ ਨੇ ਹਿੰਦੋਸਤਾਨ ਦੇ ਉਚ ਕੋਟੀ ਦੇ ਸੰਗੀਤਕਾਰਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ।

ਇਕ ਮਹਾਨ ਸੰਗੀਤਕਾਰ ਹੋਣ ਦੇ ਨਾਲ ਨਾਲ ਮੁਹਿੰਦਰਜੀਤ ਸਿੰਘ ਸਾਹਿਤ ਦੀ ਵੀ ਡੂੰਘੀ ਸੂਝ ਰੱਖਦਾ ਹੈ। ਉਹ ਸਾਹਿਤ ਦਾ ਇਕ ਗੰਭੀਰ ਪਾਠਕ ਤੇ ਫ਼ਕੀਰ ਰਸੀਆ ਹੈ।

ਉਰਦੂ ਸ਼ਾਇਰਾ ਦੀਆ ਗਜ਼ਲਾਂ ਕੰਪੋਜ਼ ਕਰਨ ਲੱਗਿਆਂ ਸ਼ਾਇਰੀ ਦੇ ਮਿਆਰ ਦਾ ਖ਼ਾਸ ਖਿਆਲ ਰੱਖਦਾ ਹੈ। ਇਸ ਤਰ੍ਹਾਂ ਪੰਜਾਬੀ ਸ਼ਾਇਰੀ ਵਿਚ ਉਹ ਬੁੱਲ੍ਹੇ ਸ਼ਾਹ, ਗ਼ੁਲਾਮ ਫਰੀਦ ਅਤੇ ਸ਼ਾਹ ਹੁਸੈਨ ਦਾ ਸ਼ੈਦਾਈ ਹੈ। ਉਹ ਘੰਟਿਆਂਬੱਧੀ ਸੰਗੀਤ ਤ ਸਾਹਿਤ ਦੀਆਂ ਗੱਲਾਂ ਕਰ ਸਕਦਾ ਹੈ। ਸਹੀ ਅਰਥਾਂ ਵਿਚ ਉਸ ਦੀ ਕਲਾ ਸੰਗੀਤ ਤੇ ਸਾਹਿਤ ਦਾ ਇਕ ਸੰਗਮ ਹੈ ਉਸ ਦੀਆਂ ਇਨ੍ਹਾਂ ਖੂਬੀਆਂ ਕਰਕੇ ਹੀ ਪੰਜਾਬੀ ਕਲਾ ਕੇਂਦਰ ਬੰਬਈ ਨੇ ਉਸਦੇ ਬੋਲੋ, 'ਸਾਡੀ ਧਰਤੀ ਸਾਡੇ ਗੀਤ' ਵਜੋਂ ਉਸ ਨੂੰ ਸਨਮਾਨਿਤ ਵੀ ਕੀਤਾ ਗਿਆ।

ਜੀ. ਐਸ. ਸਹਿਗਲ

# ਇਕ ਨਿਵੇਕਲੀ ਕੈੱਸਟ
# 'ਕਲਿ ਤਾਰਨ ਨਾਨਕ ਅਵਤਾਰਾ'

## ਰਾਗੀ—ਡਾ: ਜਾਗੀਰ ਸਿੰਘ (ਚੰਡੀਗੜ੍ਹ ਵਾਲੇ)
## ਕੰਪਨੀ—ਬਕਸਨ, ਨਵੀਂ ਦਿੱਲੀ

ਕੈਸਟ ਬੜੇ ਦਿਨਾਂ ਦੀ ਮੇਰੇ ਕੋਲ ਪਈ ਹੈ। ਬੜੀ ਵਾਰ ਇਸ ਨੂੰ ਸੁਣ ਚੁਕਾ ਹਾਂ। ਸੱਚੀ ਗੱਲ ਤਾਂ ਇਹ ਹੈ ਕਿ ਜਦ ਤੋਂ ਇਹ ਮੈਨੂੰ ਮਿਲੀ ਹੈ, ਮੈਂ ਹੋਰ ਕੋਈ ਕੈਸਟ ਆਪਣੇ ਡੈੱਕ ਵਿਚ ਪਾਈ ਹੀ ਨਹੀਂ। ਕਦੇ ਇਕ ਪਾਸਾ, ਕਦੇ ਦੂਜਾ ਪਾਸਾ ਇਸੇ ਨੂੰ ਸੁਣਦਾ ਹਾਂ। ਕਾਰਨ ਮੈਨੂੰ ਆਪ ਨੂੰ ਅਜੇ ਠੀਕ ਪਤਾ ਨਹੀਂ ਲੱਗ ਸਕਿਆ। ਕਾਰਣ ਲੱਭਣਾ ਬੁੱਧੀ ਦੀ ਕਰਮ ਭੂਮੀ ਹੈ ਪਰ ਕੀਰਤਨ ਭਾਵਾਂ ਦੇ ਵਿਹੜੇ ਵਿਚ ਖਿਲਦਾ, ਟਹਿਕਦਾ ਅਤੇ ਮਹਿਕਦਾ ਹੈ। ਹੁਣ ਵੀ ਮੈਂ ਇਹੋ ਕੀਰਤਨ ਹੀ ਸੁਣ ਰਿਹਾ ਹਾਂ। ਡਾ: ਜਾਗੀਰ ਸਿੰਘ ਗਾ ਰਹੇ ਹਨ।

'ਕਲ ਤਾਰਨ ਨਾਨਕ ਅਵਤਾਰਾ' ਉਹ ਏਸੇ ਤੁਕ ਨੂੰ ਕਈ ਵਾਰ ਦੁਹਰਾਂਦੇ ਹਨ ਜਿਵੇਂ ਆਪਣੇ ਆਪ ਨੂੰ ਯਕੀਨ ਦਿਵਾ ਰਹੇ ਹੋਣ ਕਿ ਕਲਯੁਗ ਵਿਚ ਗੁਰੂ ਨਾਨਕ ਦੇਵ ਜੀ ਹੀ ਪਾਪੀ ਜੀਵਾਂ ਨੂੰ ਤਾਰਨ ਦਾ ਕਾਰਜ ਲੈ ਕੇ ਅਵਤਰਿਤ ਹੋਏ। ਤੇ ਫਿਰ ਇਸ ਤੁਕਾਂਤ ਦੇ ਅਗੇ ਇਕ ਹੋਰ ਵਾਕੰਸ਼ ਜੁੜ ਜਾਂਦਾ ਹੈ।

'ਸਭ ਸਿੱਧੀ ਇਹ ਬੁਝਿਆ'

ਇਕ ਵਾਰ ਫਿਰ ਪਹਿਲੀ ਤਕ ਗਾਈ ਜਾਂਦੀ ਹੈ। ਹੁਣ ਗੱਲ ਸਪਸ਼ਟ ਹੋ ਰਹੀ ਹੈ।

'ਸਭ ਸਿੱਧੀ ਇਹ ਬੁਝਿਆ
ਕਲ ਤਾਰਨ ਨਾਨਕ ਅਵਤਾਰਾ'

ਭਾਵਾਂ ਦੇ ਵਿਹੜੇ ਵਿਚੋਂ ਬੁੱਧੀ ਝਟਕ ਕੇ ਬਾਹਰ ਕੱਢਦੀ ਹੈ। ਇਹ ਤਾਂ ਭਾਈ ਗੁਰਦਾਸ ਦੀ ਰਚਨਾ ਹੈ। ਉਹਨਾਂ ਦੀ ਪਹਿਲੀ ਵਾਰ ਵਿਚ ਇਹ ਤੇ ਹੋਰ ਕਈ ਪਾਉੜੀਆਂ ਗੁਰੂ ਨਾਨਕ ਦੀ ਸਿਫਤ ਸਲਾਹ ਕਰਦੀਆਂ ਹਨ।

ਮੈਂ ਅਜੇ ਭਾਈ ਗੁਰਦਾਸ ਦੀ ਇਸ ਪਾਉੜੀ ਵਿਚ ਹੀ ਗੁਆਚਾ ਹੋਇਆ ਹਾਂ ਕਿ ਰਾਗੀ ਅਛੋਪਲੇ ਹੀ 'ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਜੱਗ ਮਾਹਿ ਪਠਾਇਆ" ਵਾਲੀ ਪਾਉੜੀ ਗਾਉਣ ਲੱਗ ਪਏ ਹਨ। ਡਾ. ਜਾਗੀਰ ਸਿੰਘ ਦੀ ਜਾਣੀ-ਪਛਾਣੀ ਗਾਇਣ ਸ਼ੈਲੀ ਇਕ ਵਾਰ ਫਿਰ ਭਾਵ ਜਗਤ ਵਿਚ ਲੈ ਜਾਂਦੀ ਹੈ। ਉਹਨਾਂ ਦੇ ਗਾਇਨ ਵਿਚੋਂ ਧਰਤੀ ਦੀ ਪੁਕਾਰ ਵਰਗੀ ਇਕ ਕਸਕ ਦੀ ਝਲਕ ਮਿਲਦੀ ਹੈ ਤੇ ਲਗਦਾ ਹੈ ਕਿ ਸੱਚਮੁੱਚ ਹੀ ਧਰਤੀ ਨੇ ਦਾਤਾਰ ਕੋਲ ਜਾ ਕੇ ਵਿਰਲਾਪ ਕੀਤਾ ਹੋਣਾ ਹੈ ਜਿਸ ਨੂੰ ਸੁਣ ਕੇ ਅਕਾਲ ਪੁਰਖ ਨੂੰ ਗੁਰੂ ਨਾਨਕ ਨੂੰ ਧਰਤੀ ਤੇ ਭੇਜਣਾ ਪਿਆ। ਸੁਰਤ ਧਰਤੀ ਦੀ ਇਸ

ਪੁਕਾਰ ਵਿਚ ਗੁਆਚਦੀ ਜਾਂਦੀ ਹੈ। ਤਦੇ ਹੀ ਡਾਕਟਰ ਸਾਹਿਬ ਦੀ ਆਵਾਜ਼ ਇਕ ਹੋਰ ਪਾਉੜੀ ਦਾ ਗਾਇਨ ਕਰਨ ਲਗਦੀ ਹੈ :

'ਜ਼ਾਹਰ ਪੀਰ ਜਗਤ ਗੁਰ ਬਾਬਾ'

'ਜਗਤ ਗੁਰੂ ਬਾਬਾ, ਜਗਤ ਗੁਰ ਬਾਬਾ, ਜ਼ਾਹਰ ਪੀਰ ਜਗਤ ਗੁਰ ਬਾਬਾ – ਜਗਤ ਗੁਰ' ਗਾਇਨ ਸ਼ੈਲੀ ਵਿਚ ਕੋਈ ਫਰਕ ਨਹੀਂ ਪਿਆ। ਬਾਬਾ ਆਵਾਜ਼ ਵਿਚ ਇਕੋ ਰਸ ਹੈ। ਤਬਲੇ ਦੀ ਤਾਲ ਵੀ ਉਹੋ ਪਹਿਲਾਂ ਵਾਲੀ ਹੀ ਹੈ ਪਰ ਭਾਵਾਂ ਦੇ ਰਸ ਵਿਚ ਕਿਵੇਂ ਅੰਤਰ ਆ ਗਿਆ ਹੈ। ਸ਼ਾਇਦ ਭਾਈ ਗੁਰਦਾਸ ਦੇ ਸ਼ਬਦਾਂ ਵਿਚ ਕੋਈ ਜਾਦੂ ਹੈ ਜੋ ਡਾ. ਜਾਗੀਰ ਸਿੰਘ ਦੀ ਆਵਾਜ਼ ਤੇ ਸਵਾਰ ਹੋ ਕੇ ਮੇਰੀ ਸੁਰਤ ਨੂੰ ਸਮ-ਮੋਹਿਤ ਕਰ ਰਿਹਾ ਹੈ। ਪਤਾ ਨਹੀਂ ਲਗਦਾ ਇਸ ਸਥਿਤੀ ਦਾ ਅਸਲ ਜ਼ਿਮੇਵਾਰ ਕੌਣ ਹੈ। ਗੁਰੂ ਨਾਨਕ - ਜਿਹਨਾਂ ਦੇ ਵਿਅਕਤਿਤਵ ਬਾਰੇ ਇਹ ਗਾਇਨ ਕੀਤਾ ਜਾ ਰਿਹਾ ਹੈ, ਭਾਈ ਗੁਰਦਾਸ ਜੋ ਗੁਰੂ ਨਾਨਕ ਦੀ ਸਿਫਤ ਸਲਾਹ ਕਰਦੇ ਸ਼ਬਦਾਂ ਵਿਚ ਜਾਦੂ ਭਰਦੇ ਹਨ, ਡਾਕਟਰ ਜਾਗੀਰ ਸਿੰਘ ਦੀ ਕੀਰਤਨ ਸ਼ੈਲੀ ਜੋ ਸ਼ਬਦਾਂ ਦੇ ਭਾਵਾਂ ਨੂੰ ਪਕੜ ਕੇ ਸਹੀ ਪ੍ਰਭਾਵ ਚਿਤਰ ਰਹੀ ਹੈ ਜਾਂ ਆਲ-ਦੁਆਲੇ ਦੇ ਸ਼ਾਂਤ ਵਾਤਾਵਰਣ ਵਿਚ ਟਿਕੀ ਮੇਰੀ ਆਪਣੀ ਸੁਰਤ? ਸ਼ਾਇਦ ਚਾਰੇ ਹੀ। ਮੈਂ ਸੋਚਦਾ ਹਾਂ। ਇੰਨ ਵਿਚ ਕੈਸਟ ਦਾ ਇਹ ਪਾਸਾ ਸਮਾਪਤ ਹੋ ਗਿਆ ਹੈ। ਜਿਵੇਂ ਜਾਦੂ ਟੁੱਟ ਗਿਆ ਹੋਵੇ।

ਉੱਠਕੇ ਦੂਜਾ ਪਾਸਾ ਲਗਾਉਂਦਾ ਹਾਂ।
'ਪਹਿਲਾਂ ਬਾਬੇ ਪਾਇਆ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ।
ਰੇਤ ਅੱਕ ਅਹਾਰ ਕਰ-ਰੋੜਾਂ ਕੀ ਗੁਰ ਕਰੀ ਵਿਛਾਈ, ਚੜ੍ਹਿਆ ਸੋਧਨ ਧਰਤ ਲੁਕਾਈ'
'ਚੜ੍ਹਿਆ ਸੋਧਨ ਧਰਤ ਲੁਕਾਈ' - ਇਹੀ ਤੁਕ ਕਈ ਵਾਰ ਗਾਈ ਜਾਂਦੀ ਹੈ।

ਭਾਈ ਗੁਰਦਾਸ ਦਾ ਕਮਾਲ ਹੈ! ਸਿੱਖ ਧਰਮ ਦਾ ਪਹਿਲਾਂ ਇਤਿਹਾਸ ਲੇਖਕ ਕਿਸ ਤਰ੍ਹਾਂ ਆਪਣੇ ਗੁਰੂ ਦੇ ਕਿਰਦਾਰ ਨੂੰ ਇਕ ਇਕ ਸ਼ਬਦ, ਇਕ ਇਕ ਤੁਕ ਰਾਹੀਂ ਉਜਾਗਰ ਕਰਦਾ ਚਲਾ ਜਾਂਦਾ ਹੈ। ਤੇ ਕਮਾਲ ਹੈ ਡਾ. ਜਾਗੀਰ ਸਿੰਘ ਦੀ ਚੋਣ ਵੀ। ਗੁਰੂ ਨਾਨਕ ਦੇ ਜੀਵਨ, ਚਰਿਤਰ ਚਿਤਰਨ ਤੇ ਸਿਖਿਆਵਾਂ ਨਾਲ ਸਬੰਧਤ ਛੇ ਪਾਉੜੀਆਂ ਇਕੋ ਹੀ ਕੈਸਟ ਵਿਚ, ਇਕੋ ਹੀ ਸ਼ੈਲੀ ਵਿਚ ਕੀਰਤਨ ਕਰਨ ਲਈ ਚੁਣੀਆਂ ਹਨ। ਭਾਵੇਂ ਕੋਈ ਕੀਰਤਨ ਦਾ ਅਨੰਦ ਮਾਣੇ, ਭਾਵੇਂ ਭਾਈ ਗੁਰਦਾਸ ਜੀ ਦੀ ਕਾਵਿ ਕਲਾ ਦੇ ਖੰਭਾਂ ਤੇ ਉਡਾਰੀਆਂ ਲਾਵੇ ਤੇ ਭਾਵੇਂ ਗੁਰੂ ਨਾਨਕ ਦੇਵ ਜੀ ਦੀ ਜੀਵਨ ਲੀਲਾ ਦਾ ਰਸ ਲਵੇ।

ਅਗਲੀ ਪਾਉੜੀ ਵਿਚ ਭਾਈ ਗੁਰਦਾਸ ਜੀ ਸਿੱਧਾਂ ਕੋਲੋਂ ਗੁਰੂ ਨਾਨਕ ਦੀ ਸਿਫਤ ਸਲਾਹ ਕਰਵਾਂਦੇ ਹਨ :—

'ਧੰਨ ਨਾਨਕ ਤੇਰੀ ਵੱਡੀ ਕਮਾਈ'

ਗੁਰੂ ਨਾਨਕ ਦੇਵ ਜੀ ਦੇ ਸੰਸਾਰਕ ਜੀਵਨ ਦੇ ਅੰਤਲੇ ਸਾਲ ਦੀਆਂ ਦੋ ਮੁਖ ਘਟਨਾਵਾਂ- ਅਚਲ ਬਟਾਲੇ ਵਿਚ ਸਿੱਧਾਂ ਦੇ ਭਰਮ ਜਾਲ ਤੋੜ ਕੇ ਉਹਨਾਂ ਨੂੰ ਇਹ ਸ਼ੁਭ ਬਚਨ ਬੋਲਣ ਲਈ ਵਿਵਸ਼ ਕਰ ਦੇਣਾ ਕਿ 'ਧੰਨ ਨਾਨਕ ਤੇਰੀ ਵਡੀ ਕਮਾਈ' ਤੇ ਫਿਰ ਮੁਲਤਾਨ ਦੇ ਪੀਰਾਂ ਵਲੋਂ ਭੇਟ ਕੀਤੇ ਦੁੱਧ ਦੇ ਭਰੇ ਕਟੋਰੇ ਉੱਤੇ ਮਹਕਿਦਾ ਚੰਬੇਲੀ ਦਾ ਫੁੱਲ ਟਿਕਾ ਕੇ ਉਹਨਾਂ ਨੂੰ ਸਿਖਿਆ ਦੇਣੀ ਕਿ ਕੇਵਲ ਚਰਿਤਰ ਵਿਚ ਦੁੱਧ ਵਰਗੀ ਨਿਰਮਲਤਾ ਦੀ ਹੀ ਨਹੀਂ ਸਗੋਂ ਫੁੱਲਾਂ ਵਰਗੀ ਸੁਗੰਧ ਵੰਡਣ ਦੀ ਵੀ ਲੋੜ ਹੁੰਦੀ ਹੈ, ਨੂੰ ਭਾਈ ਸਾਹਿਬ ਨੇ ਇਕੋ ਪਾਉੜੀ ਵਿਚ ਭਰ ਕੇ ਆਪ ਵੀ ਸੱਚਮੁੱਚ ਵੱਡੀ ਕਮਾਈ ਕੀਤੀ ਹੈ। ਡਾ. ਜਾਗੀਰ ਸਿੰਘ ਨੇ ਇਸ ਲੜੀ ਦੇ ਅੰਤ ਵਿਚ ਸਭ ਤੋਂ ਵਧ ਪ੍ਰਸਿੱਧ ਪਾਉੜੀ ਦਾ ਗਾਇਨ ਕੀਤਾ ਹੈ :

ਸਤਿ ਗੁਰੂ ਨਾਨਕ ਪਰਗਟਿਆ
ਮਿਟੀ ਧੁੰਦ ਜਗ ਚਾਨਣ ਹੋਆ।

ਭਾਵੇਂ ਥੋੜ੍ਹੇ ਚਿਰ ਲਈ ਹੀ ਸਹੀ, ਕੀਰਤਨ ਸੁਣ ਕੇ ਮੈਨੂੰ ਮਨ ਦੇ ਸ਼ੀਸ਼ੇ ਤੇ ਛਾਈ ਧੁੰਦ ਹਟਦੀ ਜਾਪਦੀ ਹੈ। ਗਾਇਨ ਜਾਰੀ ਹੈ। ਗਾਇਨ ਜਾਰੀ ਰਹਿਣਾ ਚਾਹੀਦਾ ਹੈ। ਪਰ ਸੁਣਨਾ ਵੀ ਜਾਰੀ ਰਹੇ ਤਾਂ ਹੀ ਇਹ ਲੜੀ ਮੁਕਮਲ ਹੋ ਸਕੇਗੀ ਤੇ ਮੈਂ ਸੁਣ ਰਿਹਾ ਹਾਂ :

ਸਤਿਗੁਰੂ ਨਾਨਕ ਪਰਗਟਿਆ
ਮਿਟੀ ਧੁੰਦ ਜਗ ਚਾਨਣ ਹੋਆ।

# ਸਿੱਖ ਵਿਚਾਰਧਾਰਾ—ਇਕ ਵਿਗਿਆਨਿਕ ਦ੍ਰਿਸਟੀਕੋਣ ਤੋਂ 11 ਗੁਰੂ

ਲੇਖਕ : ਜੋਗਿੰਦਰ ਸਿੰਘ ਸੇਠੀ

ਪ੍ਰਕਾਸ਼ਕ : ਗੁਰਦੁਆਰਾ ਧਨ-ਪੋਠੋਹਾਰ ਨਗਰ
ਨਾਰਥ ਐਵੀਨਿਊ, ਸਾਂਤਾ ਕਰੂਜ਼ (ਵੇਸਟ)
ਬੰਬਈ-400054

ਪੰਨੇ-152 ਭੇਟਾ-60 ਰੁ:

ਸਿੱਖ ਵਿਚਾਰਧਾਰਾ ਕੇਵਲ ਧਰਮ ਜਾਂ ਕਿਸੇ ਮੱਤ ਸਬੰਧੀ ਗਿਆਨ ਦੇਣ ਤਕ ਹੀ ਸੀਮਤ ਨਹੀਂ ਸਗੋਂ ਸਮੁੱਚੇ ਜੀਵਨ ਦਾ ਮਾਰਗ ਦਰਸ਼ਨ ਕਰਨ ਵਾਲਾ ਬਹੁਪਰਤੀ ਅਤੇ ਬਹੁ ਦਿਸ਼ਾਵੀ ਗਿਆਨ ਦਾ ਭੰਡਾਰ ਹੈ। ਬਹੁਤੀ ਵਾਰ ਅਜਿਹੀ ਵਿਚਾਰਧਾਰਾ ਦੇ ਸਮੇਂ-ਸਮੇਂ ਪੁਨਰ-ਅਰਥ ਕਰਨ ਦੀ ਲੋੜ ਹੁੰਦੀ ਹੈ ਤਾਂ ਜੋ ਇਸ ਦੀ ਸੁਗੰਧ ਸਰਬ-ਕਾਲੀਨ ਅਤੇ ਫਲ ਸਰਬ ਪਰਵਾਨ ਹੋ ਸਕਣ। ਜ਼ਰੂਰੀ ਨਹੀਂ ਕਿ ਵੇਦਾਂ ਜਾਂ ਗੀਤਾ ਦੇ ਜੋ ਵਿਸ਼ਲੇਸ਼ਣ ਅਠਾਰ੍ਹਵੀਂ ਸਦੀ ਦੇ ਪੰਡਤਾਂ ਨੇ ਕੀਤੇ ਉਹ ਅੱਜ ਦੇ ਚਿੰਤਕਾਂ ਲਈ ਵੀ ਅੰਤਮ ਸਤਿ ਹੋਣ। ਅੰਤਮ ਸਤਿ ਮੂਲ ਪਾਠ ਨੇ ਬਣਨਾ ਹੈ ਹਰ ਕਾਲ ਵਿਚ ਇਸ ਸਤਿ ਨੂੰ ਸਮਕਾਲੀਨ ਅਰਥਾਂ ਨਾਲ ਨਵੀਂ ਪਛਾਣ ਦੇਣ ਦੀ ਲੋੜ ਤੋਂ ਬੇਮੁੱਖ ਹੋਣਾ ਉਚਿਤ ਨਹੀਂ ਕਿਉਂਕਿ

ਬੇਦ ਕਤੇਬ ਕਹੋ ਮਤਿ ਝੂਠੇ,
ਝੂਠਾ ਜੋ ਨ ਬੀਚਾਰੇ।

ਇਸ ਲਈ ਵਿਚਾਰ ਦਾ ਸਥਾਨ ਸਦਾ ਹੀ ਮਹੱਤਵਪੂਰਨ ਰਹੇਗਾ।

ਸ. ਜੋਗਿੰਦਰ ਸਿੰਘ ਸੇਠੀ-ਉੱਚੇ ਅਹੁਦੇ ਤੋਂ ਸੇਵਾ-ਮੁਕਤ ਹੋਣ ਉਪਰੰਤ ਸਾਧਨਾ ਅਤੇ ਸ਼ਿੱਖ ਵਿਚਾਰਧਾਰਾ ਨੂੰ ਸਮਝਣ-ਸਮਝਾਉਣ ਦਾ ਕਾਰਜ ਕਰ ਰਹੇ ਹਨ। ਇਸ ਤਰ੍ਹਾਂ 'ਆਪ ਜਪੈ-ਅਵਰੇ ਨਾਮ ਜਪਾਵੈ' ਦੀ ਸਿੱਖਿਆ ਨੂੰ ਅਮਲੀ ਰੂਪ ਦੇਂਦੇ ਹੋਏ ਉਹ ਗੁਰੂ ਇਤਿਹਾਸ ਅਤੇ ਗੁਰਬਾਣੀ ਦੇ, ਸਮਕਾਲੀਨ ਗਿਆਨ ਦੀ ਦ੍ਰਿਸ਼ਟੀ, ਤੋਂ ਪੁਨਰ ਅਰਥ ਕਰਨ ਦਾ ਜਤਨ ਕਰ ਰਹੇ ਹਨ। ਹੁਣ ਤੱਕ ਪ੍ਰਕਾਸ਼ਿਤ ਉਹਨਾਂ ਦੀਆਂ ਇਕ ਦਰਜਨ ਪੁਸਤਕਾਂ ਇਸੇ ਮੱਤ ਦੀ ਪੁਸ਼ਟੀ ਕਰਦੀਆਂ ਹਨ। '11 ਗੁਰੂ' ਨਾਂ ਦੀ ਉਹਨਾਂ ਦੀ ਪੁਸਤਕ ਵੀ ਪਾਠਕਾਂ ਲਈ ਕੁਝ ਨਵੀਂ ਸਮੱਗਰੀ ਸਹਿਤ ਪੇਸ਼ ਹੋਈ ਹੈ। ਇਸ ਪੁਸਤਕ ਵਿੱਚ ਉਹ ਦਸ ਗੁਰੂ ਸਾਹਿਬਾਂ ਅਤੇ ਉਹਨਾਂ ਦੇ ਅਧਿਆਤਮਕ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਬਾਰੇ ਵਿਚਾਰ ਕਰਦੇ ਹਨ।

ਗੁਰੂ ਨਾਨਕ ਦੇਵ ਦਾ ਜੀਵਨ ਚਿਤਰਨ ਉਹਨਾਂ ਨੇ ਭਾਈ ਗੁਰਦਾਸ ਦੀ ਤੁਕ

ਚੰਬੇਲੀ' ਦੁੱਧ ਵਿਚ ਟਿਕਾਈ' ਨੂੰ ਮੁੜ ਵਿਚਾਰ ਕੇ, ਕਰਨ ਦਾ ਜਤਨ ਕੀਤਾ ਹੈ। ਚੰਬੇਲੀ ਦੁੱਧ ਦੇ ਭਰੇ ਕਟੋਰੇ ਵਿਚ ਟਿਕਾਉਣ ਦਾ ਅਰਥ-ਸਿੱਖ ਦ੍ਰਿਸ਼ਟੀਕੋਣ ਤੋਂ ਕਰਨ ਦਾ ਇਸ ਪਹਿਲਾਂ ਕੋਈ ਜਤਨ ਕਿਉਂ ਨਹੀਂ ਕੀਤਾ ਗਿਆ ਇਹ ਸੋਚਕੇ ਹੈਰਾਨੀ ਹੁੰਦੀ ਹੈ ਅਤੇ ਇਹ ਗੱਲ ਮਨ ਲਗਦੀ ਹੈ ਕਿ ਮੁਲਤਾਨ ਦੇ ਪੀਰ, ਜੋ ਗੁਰੂ ਨਾਨਕ ਦੇਵ ਜੀ ਨੂੰ ਉਹਨਾਂ ਦੀਆਂ ਉਦਾਸੀਆਂ ਸਮੇਂ ਪਹਿਲਾਂ ਵੀ ਜ਼ਰੂਰ ਮਿਲੇ ਹੋਣਗੇ, ਨੇ ਦੁੱਧ ਦਾ ਕਟੋਰਾ ਭੇਟ ਕਰਕੇ ਆਪਣੇ ਚਰਿਤਰ ਦੀ ਸ਼ੁਧਤਾ ਦਾ ਵਿਸ਼ਵਾਸ਼ ਗੁਰੂ ਜੀ ਨੂੰ ਦਿਵਾਇਆ ਹੋਵੇਗਾ-ਗੁਰੂ ਨਾਨਕ ਨੇ ਚੰਬੇਲੀ ਵਾਂਗ ਆਪਣੇ ਗੁਣਾਂ ਦੀ ਮਹਿਕ ਬੇ ਰੋਕ ਟੋਕ ਸਭ ਵਿਚ ਵੰਡਣ ਦਾ ਅਗਲਾ ਉਪਦੇਸ਼ ਪੀਰਾਂ ਨੂੰ ਦੇ ਕੇ ਉਹਨਾਂ ਨੂੰ ਵਧੇਰੇ ਸਮਾਜ਼ ਉਪਯੋਗੀ ਬਣਨ ਦੀ ਸਲਾਹ ਦਿਤੀ ਹੋਵੇਗੀ। ਲੇਖਕ ਫੁੱਲ ਦੇ ਕਈ ਹੋਰ ਸੰਕੇਤਕ ਅਰਥ ਵੀ ਦਸਦਾ ਹੈ ਇਹ ਪਾਠਕ ਤੇ ਨਿਰਭਰ ਕਰਦਾ ਹੈ ਕਿ ਉਹ ਕਿਹੜੇ ਅਰਥ ਅਪਣਾਵੇ।

ਗੁਰੂ ਅੰਗਦ ਦੇਵ ਜੀ ਦਾ ਜੀਵਨ ਫਲਸਫ਼ਾ ਹੀ ਉਹਨਾਂ ਦੀ ਆਪਣੀ ਤੁਕ 'ਚਾਕਰ ਲਗੈ ਚਾਕਰੀ ਨਾਲੇ ਗਾਰਬ ਵਾਦ' ਤੇ ਅਧਾਰਿਤ ਰਿਹਾ ਹੈ। ਨੌਕਰ ਅਤੇ ਚਾਕਰ ਦੇ ਅਰਥ ਭੇਦ ਹੀ ਸਿੱਖੀ ਵਿਚ ਸੇਵਾ ਦੇ ਸੰਕਲਪ ਦਾ ਮੂਲ ਸ੍ਰੋਤ ਬਣਦੇ ਹਨ। ਇਹ ਗੱਲ ਇਸ ਪੁਸਤਕ ਦੀ ਦੂਜੀ ਰਚਨਾ ਤੋਂ ਸਪਸ਼ਟ ਹੁੰਦੀ ਹੈ।

'ਸੋ ਕਿਉ ਮੰਦਾ ਆਖੀਐ, ਜਿਤੁ ਜੰਮੇ ਰਾਜਨ' ਦੀ ਸਿੱਖਿਆ ਨੂੰ ਗੁਰੂ ਅਮਰਦਾਸ ਜੀ ਨੇ ਸਮਝਿਆ ਅਤੇ ਜੀਵਨ ਦਾ ਆਧਾਰ ਬਣਾਇਆ ਇਹ ਗੱਲ ਤੀਜੀ ਪਾਤਸ਼ਾਹੀ ਸਬੰਧੀ ਲੇਖਕ ਦੀ ਰਚਨਾ ਦਾ ਆਧਾਰ ਬਣਦੀ ਹੈ।

'ਹਰਿ ਰੰਗ ਤੁਰੀ ਚੜਾਇਆ' ਗੁਰੂ ਰਾਮਦਾਸ ਜੀ ਦੀ ਅਜਿਹੀ ਸਿੱਖਿਆ ਹੈ ਜਿਸ ਨੇ ਜੀਵਨ ਤੋਂ ਵਿਰਕਤ ਹੋ ਰਹੇ ਸਾਧੂਆਂ ਨੂੰ ਵੀ ਗੁਰੂ ਨਾਨਕ ਦੀ ਵਿਚਾਰ ਧਾਰਾ ਨਾਲ ਜੋੜ ਕੇ ਗ੍ਰਹਿਸਤ ਧਰਮ ਅਪਣਾ ਲੈਣ ਲਈ ਪ੍ਰੇਰਿਆ। ਇਸੇ ਪ੍ਰਕਾਰ ਅਗਲੇ ਛੇ ਗੁਰੂ ਸਾਹਿਬਾਂ ਅਤੇ ਗੁਰੂ ਗਰੰਥ ਸਾਹਿਬ ਸਬੰਧੀ ਵੀ ਉਹਨਾਂ ਦੇ ਜੀਵਨ ਦੀ ਕਿਸੇ ਇਕ ਘਟਨਾ ਜਾਂ ਸਿੱਖਿਆ ਨੂੰ ਆਧਾਰ ਬਣਾ ਕੇ ਹੀ ਚਾਨਣਾ ਪਾਉਣ ਦਾ ਯਤਨ ਕੀਤਾ ਗਿਆ ਹੈ।

ਇਸ ਪੁਸਤਕ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ ਗੁਰਦੁਵਾਰਾ ਧਨ ਪੋਠੋਹਾਰ ਨਗਰ, ਨਾਰਥ ਐਵਿਨਿਊ ਸ਼ਾਂਤਾ ਕਰੂਜ਼ ਬਬੰਈ ਨੇ ਛਾਪਿਆ ਹੈ। ਗੁਰੂ ਬਾਣੀ ਅਤੇ ਗੁਰੂ ਇਤਿਹਾਸ ਸਬੰਧੀ ਵਿਚਾਰ ਕਿਸੇ ਵੀ ਗੁਰਦੁਆਰੇ ਦੀ ਮੁੱਖ ਜ਼ੁਮੇਵਾਰੀ ਹੁੰਦੀ ਹੈ। ਤੇ ਜੇ ਕਿਸੇ ਗੁਰਦੁਆਰੇ ਦੇ ਪ੍ਰਬੰਧਕ ਇਸ ਵਿਚਾਰ ਨੂੰ ਆਪਣੀ ਇਮਾਰਤ ਦੀ ਚਾਰ ਦੀਵਾਰੀ ਤੋਂ ਬਾਹਰ ਵੀ ਪ੍ਰਚਾਰਨ ਲਈ ਜਤਨਸ਼ੀਲ ਹੋਣ ਤਾਂ ਇਹ ਹੋਰ ਵੀ ਵੱਡੀ ਪ੍ਰਾਪਤੀ ਹੋ ਨਿਬੜਦੀ ਹੈ। ਹਥਲੀ ਪੁਸਤਕ ਦਾ ਪੰਜਾਬ ਤੋਂ ਦੂਰ ਬੰਬਈ ਵਿੱਚ ਸਥਾਪਤ ਇਕ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸਿਤ ਕੀਤਾ ਜਾਣਾ, ਗੁਰਦੁਆਰਿਆਂ ਦੇ ਕਾਰਜ ਖੇਤਰ ਨੂੰ ਵਧੇਰੇ ਵਿਸ਼ਾਲ ਕਰਦਾ ਹੈ। ਲੇਖਕ ਅਤੇ ਪ੍ਰਕਾਸ਼ਕ ਦੋਵੇਂ ਹੀ ਇਸ 'ਵਡਿਆਈ ਵੀਚਾਰ' ਲਈ ਮੁਬਾਰਕ ਦੇ ਮੁਸਤਹਿਕ ਹਨ।

ਡਾ. ਤ੍ਰਿਲੋਚਨ ਸਿੰਘ ਤਰਸੀ
277 ਫੇਜ਼-4 ਮੁਹਾਲੀ

# ਤੁਹਾਡੇ ਪੱਤਰ

ਨਵੰਬਰ 1994 ਦਾ ਅੰਕ ਮਿਲਿਆ, ਪੜ੍ਹ ਕੇ ਬੜੀ ਖੁਸ਼ੀ ਹੋਈ। ਸ. ਹਰਜਾਪ ਸਿੰਘ ਦਾ ਲੇਖ ਸ੍ਰੀ ਦਰਬਾਰ ਸਾਹਿਬ ਦਾ ਪ੍ਰਚਾਰਨ ਵਿਦੇਸ਼ਾਂ ਵਿਚ ਅਤੇ ਸ. ਹਰਚਰਨ ਸਿੰਘ ਕਲਕੱਤਾ ਦੁਆਰਾ ਕੈਸਟ "ਸੁਣ ਸੁਣ ਜੀਵਾ ਤੇਰੀ ਬਾਣੀ" ਚੰਗੇ ਲੱਗੇ। ਬੇਨਤੀ ਹੈ ਕਿ ਆਪਣੇ ਮੈਗਜ਼ੀਨ ਵਿਚ ਗੁਰ ਸਾਖੀਆਂ ਅਤੇ ਗੁਰ ਇਤਿਹਾਸ ਵੀ ਛਾਪਿਆ ਕਰੋ। ਯਾਤਰਾਵਾਂ ਬਾਰੇ ਲੇਖ ਵੀ ਛਾਪਿਆ ਕਰੋ। ਇਸ ਨਾਲ ਅੰਮ੍ਰਿਤ ਕੀਰਤਨ ਦੇ ਪਾਠਕਾਂ ਦਾ ਘੇਰਾ ਵਿਸ਼ਾਲ ਹੋਵੇਗਾ।

—ਦਰਸ਼ਨ ਸਿੰਘ ਚੌਹਾਨ, ਨਾਭਾ

ਅੰਮ੍ਰਿਤ ਕੀਰਤਨ ਵਿਚ ਕੀਰਤਨੀਆਂ ਬਾਰੇ ਲੇਖ ਸੁੰਦਰ ਅਤੇ ਜਾਣਕਾਰੀ ਭਰਪੂਰ ਹੁੰਦੇ ਹਨ। ਨਵੇਂ ਸਾਲ ਲਈ ਸ਼ੁਭ ਇਛਾਵਾਂ।

—ਸਰੂਪ ਸਿੰਘ, ਯੂ. ਕੇ.

ਨਵੇਂ ਸਾਲ ਵਿਚ 'ਅੰਮ੍ਰਿਤ ਕੀਰਤਨ' ਹੋਰ ਤਰੱਕੀ ਕਰੇ।

—ਤੇਜਾ ਸਿੰਘ ਤਿਲਕ, ਬਰਨਾਲਾ

ਅੰਮ੍ਰਿਤ ਕੀਰਤਨ—ਜਿਵੇਂ ਤਪਦੀ ਰੂਹ ਉਤੇ ਠੰਢੀ ਫੁਹਾਰ
ਨੀਵੇਂ ਖਿਆਲਾਂ ਦੇ ਝਖੜ ਨੂੰ ਠ੍ਹਮਾ ਪਾਣ ਵਾਲੀ
ਸੁਗੰਧਤ ਪੌਣ ਦਾ ਬੁੱਲਾ
ਜਿਵੇਂ ਗਮਾਂ ਦੀ ਹਨੇਰੀ ਰਾਤ ਵਿਚ ਅਦਭੁਤ ਲੋ ਦਾ
ਚਮਕਦਾ ਗੁਬਾਰਾ ਅਤੇ
ਕੜਵੀ ਦੁਨੀਆਂ ਦੀ ਅਸਹਿ ਕੜਵਾਹਟ ਨੂੰ ਅਥਾਹ ਮਿਠਾਸ
ਦੇਣ ਵਾਲਾ ਅੰਮ੍ਰਿਤ!
ਬਲਿਹਾਰ ਜਾਈਏ ਇਸ ਬਖਸ਼ਿਸ਼ ਤੋਂ
ਸ਼ੁਭ ਇਛਾਵਾਂ ਸਹਿਤ

—ਗੁਰਚਰਨ ਸਡਾਨਾ, ਚੰਡੀਗੜ੍ਹ

'ਅੰਮ੍ਰਿਤ ਕੀਰਤਨ' ਮੈਨੂੰ ਮਿਲ ਰਿਹਾ ਹੈ। ਤੁਹਾਨੂੰ ਇਸ ਗੱਲ ਦਾ ਸਿਲਾ ਜਾਂਦਾ ਹੈ ਕਿ ਮੇਰ ਵਰਗੇ ਜੋ ਸਾਹਿਤ ਹੀ ਨਾਲ ਸਬੰਧਤ ਸਨ ਹੁਣ ਕਲਾਸੀਕਲ ਸੰਗੀਤ ਨੂੰ ਵੀ ਆਪਣੇ ਅੰਦਰ ਰਚਾਉਣ ਲਗੇ ਹਨ। ਤੁਹਾਡੇ ਪਰਚੇ ਵਿਚ ਬਹੁਤ ਕੁਝ ਹੁੰਦਾ ਹੈ, ਗਿਆਨ ਭਰਪੂਰ ਤੇ ਖਾਸ ਤੌਰ ਤੇ ਸੰਗੀਤ ਨਾਲ ਸਬੰਧਤ। ਮੈਂ ਰਿਣੀ ਹਾਂ ਇਸ ਗਿਆਨ ਦੀ ਗੁਥਲੀ ਭੇਜਣ ਲਈ।

ਬੜੇ ਹੀ ਸਨੇਹ ਸਹਿਤ,
ਪ੍ਰੇਮ ਗੋਰਖੀ

ਅੰਮ੍ਰਿਤ ਕੀਰਤਨ ਵਿਚੋਂ ਖੋਜ ਭਰਪੂਰ ਲੇਖ, ਰਾਗੀ ਸਾਹਿਬਾਂ, ਵਿਦਵਾਨਾਂ ਅਤੇ ਗੁਰਮਤ ਸੰਗੀਤ ਬਾਰੇ ਉਚ ਦਰਜੇ ਦੀ ਜਾਣਕਾਰੀ ਮਿਲਦੀ ਹੈ। ਪਰਮਾਤਮਾ ਕਰੇ ਅੰਮ੍ਰਿਤ ਕੀਰਤਨ ਹਰ ਘਰ ਤੇ ਲਾਇਬਰੇਰੀਆਂ ਦਾ ਸ਼ਿੰਗਾਰ ਬਣੇ ਅਤੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰੇ।

ਗੁਰਬਚਨ ਸਿੰਘ ਢੇਰੂ ਰੋਡ ਕੈਂਟ ਪੂਨਾ

'ਅੰਮ੍ਰਿਤ ਕੀਰਤਨ' ਮੈਗਜ਼ੀਨ ਸਲਾਘਾ ਯੋਗ ਹੈ। ਵਾਹਿਗੁਰੂ ਅਗੇ ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

ਜੀ. ਐਸ. ਔਜਲੇ
ਰੰਗੂਨ-ਬਰ੍ਹਮਾ

'ਅੰਮ੍ਰਿਤ ਕੀਰਤਨ' ਰਿਸਾਲਾ ਜਿਹੜਾ ਕੰਮ ਕਰ ਰਿਹਾ ਹੈ ਉਹ ਹੋਰ ਕੋਈ ਰਿਸਾਲਾ ਨਹੀਂ ਕਰ ਰਿਹਾ। ਇਸ ਲਈ ਇਸ ਦੀ ਵਧ ਤੋਂ ਵਧ ਮਦਦ ਕਰਨੀ ਚਾਹੀਦੀ ਹੈ।

(ਪ੍ਰੋ.) ਪ੍ਰੀਤਮ ਸਿੰਘ ਪਟਿਆਲਾ

ਨਵੇਂ ਸਾਲ ਵਿਚ ਗੁਰਬਾਣੀ ਕੀਰਤਨ ਅਤੇ ਸੰਗੀਤ ਦੇ ਖੇਤਰ ਵਿਚ ਬੇਮਿਸਾਲ ਲੀਹਾਂ ਕਾਇਮ ਕਰਦੇ ਜਾ ਰਹੇ ਇਸ ਅੰਮ੍ਰਿਤ ਕੀਰਤਨ ਲਈ ਦਿਲੀ ਸ਼ੁਭ-ਇਛਾਵਾਂ ਕਰਦੇ ਹੋਏ ਅਰਦਾਸ ਕਰਦੇ ਹਾਂ ਇਸ ਮੈਗਜ਼ੀਨ ਦੀ ਵਾਹਿਗੁਰੂ ਲੰਮੇਰੀ ਉਮਰ ਕਰੇ ਅਤੇ ਇਹ ਸੰਗੀਤ ਪ੍ਰੇਮੀਆਂ ਦੀ ਸਦਾ ਚਾਹਤ ਦੀ ਕਿਰਨ ਬਣਿਆ ਰਹੇ।

ਹਰ ਮਹੀਨੇ ਬੜੀ ਉਮੰਗ ਨਾਲ ਇਸਦਾ ਇੰਤਜ਼ਾਰ ਰਹਿੰਦਾ ਹੈ।

ਪਿਛਲੇ ਕੁਝ ਪਰਚਿਆਂ ਵਿਚ ਵਡਮੁਲੇ ਲੇਖਾਂ ਲਈ ਵਧਾਈ ਪ੍ਰਵਾਨ ਕਰਨਾ।

— ਪਰਮਜੀਤ ਸਿੰਘ,
ਚੰਡੀਗੜ੍ਹ ਸੰਗੀਤ ਸਭਾ।